ਮਾਸਿਕ ੴ ਪੱਤਰ

ਵਾਹਿਗੁਰੂ ਜੀ ਕੀ ਫ਼ਤਹਿ॥

# ਸੂਰਾ

ਲੁਧਿਆਣਾ

MONTHLY **SURA** LUDHIANA

## ਤੇਰਾ ਕਵਣੁ ਗੁਰੂ ਜਿਸ ਕਾ ਤੂ ਚੇਲਾ॥. . . .
## . . . .ਸਬਦੁ ਗੁਰੂ ਸੁਰਤਿ ਧੁਨਿ ਚੇਲਾ॥

(ਸਿਧ ਗੋਸਟਿ, ਸ੍ਰੀ ਗੁਰੂ ਨਾਨਕ ਦੇਵ ਜੀ)

ਸ਼ਬਦ ਗੁਰੂ ਦਿਵਸ - 2 ਨਵੰਬਰ

NOV. 97

ਨਵੰਬਰ ੯੭

www.AKJ.Org

# ਗੁਰਸਿਖ ਮੀਤ ਚਲਹੁ ਗੁਰ ਚਾਲੀ

## ਤਤਕਰਾ


੧. ਜੀਅ ਬਧਹੁ ਸੁ ਧਰਮੁ ਕਰਿ ਥਾਪਹੁ ੧
੨. ਧਰਮਰਾਇ ਦੀ ਦਰਗਾਹ ੩
੩. ਪੋਥੀ ਪਰਮੇਸਰੁ ਕਾ ਥਾਨ ੯
੪. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕਿਵੇਂ ਬੋਲਦੇ ਹਨ ? ੧੨
੫. ਸ਼ਬਦ ਗੁਰੂ (ਕਵਿਤਾ) ੧੭
੬. ਸ਼ਬਦ ਸੁਰਤਿ ਲੀਨਤਾ ੧੮
੭. ਅਲੌਕਿਕ ਸ਼ਕਤੀ ਦੇ ਭੰਡਾਰ ੧੯
੮. ਗੁਰੂ ਨਾਨਕ ਸਾਹਿਬ ਦਾ ਸੰਦੇਸ਼ ੨੩
੯. ਗੁਰੂ ਨਾਨਕ ਦਾ ਮਾਰਗ ੨੭
੧੦. ਹਰਿ ਗੁਰੁ ਨਾਨਕੁ ਜਿਨ੍ ਪਰਸਿਓ......(ਕਵਿਤਾ) ੨੮
੧੧. ਜਗਤ ਜਲੰਦੇ ਦੀ ਸੁਣ ਲੈ ਪੁਕਾਰ ਬਾਬਾ (ਕਵਿਤਾ) ੩੦
੧੨. ਐ ਦਿਲਾ ! ਹੁਣ ਮੋੜ ਲੈ ਵਾਗਾਂ ੩੧
੧੩. THOSE ENAMORED OF GOD-LOVE ੩੨
੧੪. ਕਰਮ ਫਿਲਾਸਫੀ ੩੩
੧੫. ਸਾਬਤ ਸੂਰਤਿ ਦਸਤਾਰ ਸਿਰਾ (ਕਵਿਤਾ) ੩੯
੧੬. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਲੜੀਵਾਰ ਸਰੂਪ ੪੦


## ਗੁਰਪੁਰਬ ਤੇ ਇਤਿਹਾਸਕ ਦਿਹਾੜੇ

| | | | |
|---|---|---|---|
| ਗੁਰਗੱਦੀ ਦਿਵਸ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ | 2 ਨਵੰਬਰ | ਪ੍ਰਕਾਸ਼ ਦਿਵਸ ਸ੍ਰੀ ਗੁਰੂ ਨਾਨਕ ਦੇਵ ਜੀ | 14 ਨਵੰਬਰ |
| ਜੋਤੀ ਜੋਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ | 5 ਨਵੰਬਰ | ਜਨਮ ਭਗਤ ਨਾਮਦੇਵ ਜੀ | 11 ਨਵੰਬਰ |

## ਸੂਰਾ ਦੇ ਚੰਦੇ ਤੇ ਬਕਾਏ ਜਮ੍ਹਾਂ ਕਰਵਾ ਕੇ ਰਸੀਦ ਲਵੋ ਜੀ

੧. ਲੁਧਿਆਣਾ – ਸਬ ਆਫ਼ਿਸ "ਸੂਰਾ"– ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ, ਲੁਧਿਆਣਾ।
੨. ਜਲੰਧਰ – ਭਾਈ ਤ੍ਰਿਲੋਕ ਸਿੰਘ ਜੀ, ਮੈ: ਸੰਤ ਸਿੰਘ ਤ੍ਰਿਲੋਕ ਸਿੰਘ, ਚੌਕ ਪੰਜ ਪੀਰ।
੩. ਹੁਸ਼ਿਆਰਪੁਰ – ਭਾਈ ਹਰਿਮੰਦਰ ਸਿੰਘ ਜੀ, ਭਾਈ ਸੋਭਾ ਸਿੰਘ ਹਰਿਮੰਦਰ ਸਿੰਘ, ਬੈਂਕ ਬਾਜ਼ਾਰ।
੪. ਪਟਿਆਲਾ – ਭਾਈ ਆਸਾ ਸਿੰਘ ਐਂਡ ਸੰਨਜ਼, ਨੇੜੇ ਗੁਰਦੁਆਰਾ ਦੂਖ ਨਿਵਾਰਨ ਸਾਹਿਬ।
੫. ਚੰਡੀਗੜ੍ਹ ਤੇ ਮੋਹਾਲੀ – ਭਾਈ ਰਜਿੰਦਰ ਸਿੰਘ ਜੀ, ੫੩੩/੩ –ਏ ਫ਼ੇਜ਼. ਐਸ. ਏ. ਐਸ. ਨਗਰ, ਮੋਹਾਲੀ।
੬. ਕਪੂਰਥਲਾ – ਭਾਈ ਚਰਨਪਾਲ ਸਿੰਘ, ਸਿੰਘ ਆਰਟਸ, ਨੇੜੇ ਸਟੇਟ ਗੁਰਦੁਆਰਾ ਸਾਹਿਬ।
੭. ਸਾਰੇ ਸਮਾਗਮਾਂ ਸਮੇ – ਭਾਈ ਬਲਵੰਤ ਸਿੰਘ ਖ਼ਾਲਸਾ, ਗਲੀ ਨੰ: ੨, ਕਾਸ਼ੀ ਨਗਰ, ਫਿਰੋਜ਼ਪੁਰ ਸ਼ਹਿਰ।
੮. ਬਠਿੰਡਾ – ਭਾਈ ਗੋਬਿੰਦ ਸਿੰਘ ਜੀ, ਮਕਾਨ ਨੰ: ੭੮੧੯. ਨੇੜੇ ਡੰਗਰਾਂ ਦਾ ਹਸਪਤਾਲ। ਫੋਨ: ੨੧੭੭੪੩
੯. ਮੋਗਾ – ਭਾਈ ਧਰਮਿੰਦਰ ਸਿੰਘ ਜੀ, ਪੁਰਾਣਾ ਗੁਲਾਬੀ ਬਾਗ ਜੀ. ਟੀ. ਰੋਡ ਫੋਨ: ੨੪੩੪੯, ੨੧੬੮੧
੧੦. ਅੰਮ੍ਰਿਤਸਰ – ਸਿੰਘ ਬ੍ਰਦਰਜ਼ ਬਾਜ਼ਾਰ ਮਾਈ ਸੇਵਾ (ਘੰਟਾ ਘਰ ਦੇ ਸਾਹਮਣੇ) ਫੋਨ: ੫੪੫੭੮੭ ਘਰ: ੨੩੧੫੨੦
੧੧. ਯਮੁਨਾਨਗਰ – ਸ੍ਰ: ਪਰਮਜੀਤ ਸਿੰਘ, ਮਦਰਾਸ ਹੈਂਡਲੂਮ, ਤੱਤਖਾਲਸਾ ਭਵਨ, ਜਗਾਧਰੀ ਰੋਡ ਪਿੰਨ ਕੋਡ–੧੩੫੦੦੧ ਫੋਨ: ੨੬੨੧੭
੧੨. ਸੰਗਰੂਰ – ਭਾਈ ਤ੍ਰਿਲੋਚਨ ਸਿੰਘ ਜੀ, ਪਿੰਡ ਉਪੋਕੀ, ਡਾਕਖਾਨਾ ਮਲੇਰਕੋਟਲਾ।
੧੩. ਫਗਵਾੜਾ – ਮਾ: ਗੁਰਦਿਆਲ ਸਿੰਘ ਜੀ,ਵਿਸ਼ਵਕਰਮਾਂ ਕਲੋਨੀ (ਨੇੜੇ ਵਿਸ਼ਕਰਮਾਂ ਮੰਦਰ) ਬੰਗਾ ਰੋੜ।
ਸੂਚਨਾ – ਹਰ ਐਤਵਾਰ 'ਸੂਰਾਂ' ਦੇ ਚੰਦੇ ਸਿੱਖ ਮਿਸ਼ਨਰੀ ਕਾਲਜ ਦੇ ਸਟਾਲ, ਗੁ: ਮੰਜੀ ਸਾਹਿਬ ਆਲਮਗੀਰ, ਲੁਧਿਆਣਾ ਵਿਖੇ।

## ਵਿਦੇਸ਼ਾਂ ਵਿੱਚ ਚੰਦੇ ਤੇ ਹੋਰ ਰਕਮਾਂ ਜਮ੍ਹਾਂ ਕਰਾਉਣ ਲਈ ਸੰਪਰਕ ਕਰੋ

੧. ਇੰਗਲੈਂਡ – ਭਾਈ ਗੁਰਨਾਮ ਸਿੰਘ ਜੀ ੧੦–Lamboume Gardens, Earley Reading, Berks U.K. Tel. ੦੧੭੩੪–੨੬੭੯੦੦
੨. ਅਮਰੀਕਾ – ਭਾਈ ਜੀਵਨ ਸਿੰਘ ਜੀ, ਗੁਰਦੀਪ ਸਿੰਘ ਜੀ, ਫੋਨ : ੧੮੦੦੭੨੨੬੨੧੨.
੩. ਕੈਨੇਡਾ – ਭਾਈ ਰਿਪੁਦਮਨ ਸਿੰਘ ਜੀ ਮਲਿਕ, ਫੋਨ : ੧੮੦੦੬੬੩੦੨੨੪.
੪. ਆਸਟਰੇਲੀਆ – ਭਾਈ ਪਰਸ਼ੋਤਮ ਸਿੰਘ ਜੀ, ਫੋਨ : ੦੦੬੧–੬੯੬੩੪੮੪੧
੫. ਨੀਊਜ਼ੀਲੈਂਡ – ਭਾਈ ਮਹਿੰਦਰ ਸਿੰਘ ਜੀ, ਫੋਨ : ੦੯੨੭੦੨੭੫੫.

## ਉਤਰ ਪ੍ਰਦੇਸ਼ ਵਿਚ ਸੂਰਾ ਦੇ ਸੇਵਾਦਾਰ

ਬਰੇਲੀ ਅਤੇ ਹੋਰ ਲਾਗੇ ਦੇ ਸ਼ਹਿਰਾਂ ਦੇ ਪਾਠਕ ਤੇ ਹੋਰ ਪ੍ਰੇਮੀ ਜਨ ਸੂਰਾ ਦੇ ਚੰਦੇ ਜਾਂ ਹੋਰ ਸਹਾਇਤਾ ਆਦਿ ਹੇਠ ਲਿਖੇ ਪਤੇ ਤੇ ਵੀ ਭੇਜ ਸਕਦੇ ਹਨ:–

ਭਾਈ ਸੁਰਿੰਦਰ ਸਿੰਘ ਜੀ, ਦਸਮੇਸ਼ ਬਿਸਕੁਟ ਬੇਕਰੀ ਕੋਹਾੜਾ ਪੀਰ ਬਰੇਲੀ ਯੂ: ਪੀ:–243003


ਡਿਜ਼ਾਈਨ ਕਰਾਫਟ ਗਿੱਲ ਰੋਡ ਲੁਧਿਆਣਾ ਤੇ ਛਪਵਾ ਕੇ ਹਰਬੰਸ ਸਿੰਘ ਪ੍ਰਿੰਟਰ ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ੧੨–ਆਈ, ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ ਤੋਂ ਪ੍ਰਕਾਸ਼ਤ ਕੀਤਾ।
ਕੰਪਿਊਟਰ ਟਾਈਪ ਸੈਟਿੰਗ : ਮਾਈਕਰੋਨਿਕਸ ਕੰਪਿਊਟਰਜ ਇੰਡੀਆ, ਡੀ–੯੩, ਬਲਾਕ ੧੬, ਪਾਹਵਾ ਰੋਡ, ਲੁਧਿਆਣਾ।


www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ।।

ਜਿਲਦ ੩੧
ਨਵੰਬਰ ੧੯੯੭
ਅੰਕ ੧੧

# ਸੂਰਾ

SURA MONTHLY

ਅਖੰਡ ਕੀਰਤਨੀ ਜੱਥੇ ਵਲੋਂ
ਨਿਰੋਲ ਗੁਰਮਤਿ ਮਾਸਿਕ ਪੱਤਰ

ਸਾਲਾਨਾ ਚੰਦਾ — ਦੇਸ਼ : ੩੦.੦੦, ਵਿਦੇਸ਼ :ਸਮੁੰਦਰੀ ਡਾਕ......੧੦੦.੦੦, ਹਵਾਈ ਡਾਕ........੩੦੦.੦੦
ਅਮਾਨਤੀ ਲਾਈਫ ਮੈਂਬਰਸ਼ਿਪ — ਦੇਸ਼ :੩੦੦.੦੦, ਵਿਦੇਸ਼ :ਸਮੁੰਦਰੀ ਡਾਕ...੧,੦੦੦.੦੦, ਹਵਾਈ ਡਾਕ.....੩,੦੦੦.੦੦
ਚੰਦਾ ਭੇਜਣ ਦਾ ਪਤਾ — 'ਸੂਰਾ' ਮਾਸਿਕ ਪੱਤਰ, ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ, ਲੁਧਿਆਣਾ – ੧੪੧੦੦੨ (ਇੱਕ ਕਾਪੀ .... ੩.੦੦)

*"ਸੀਹ ਪਜੂਤੀ ਬਕਰੀ ਮਰਦੀ ਹੋਈ ਹੜ ਹੜ ਹਸੀ।*
*ਸੀਹ ਪੁਛੈ ਵਿਸਮਾਦੁ ਹੋਇ ਇਤੁ ਅਉਸਰ ਕਿਤੁ ਰਹਸਿ ਰਹਸੀ।*
*ਬਿਨਉ ਕਰੇਦੀ ਬਕਰੀ, ਪੁਤ੍ਰ ਅਸਾਡੇ ਕੀਚਨਿ ਖਸੀ।*
*ਅਕ ਧਤੂਰਾ ਖਾਧਿਆ ਕੁਹਿ ਕੁਹਿ ਖਲ ਉਖਲਿ ਵਿਣਸੀ।*
*ਮਾਸ ਖਾਣਿ ਗਲ ਵਢਿ ਕੈ ਹਾਲੁ ਤਿਨਾੜਾ ਕਉਣੁ ਹੋਵਸੀ।।*
*ਗਰਬੁ ਗਰੀਬੀ ਦੇਹ ਖੇਹ ਖਾਜੁ ਅਖਾਜੁ ਅਕਾਜੁ ਕਰਸੀ।।*
*ਜਗਿ ਆਇਆ ਸਭ ਕੋਇ ਮਰਸੀ।"* (ਭਾਈ ਗੁਰਦਾਸ,ਵਾਰ ੨੫ ਪਉੜੀ ੧੭)

## ਜੀਅ ਬਧਹੁ ਸੁ ਧਰਮੁ ਕਰਿ ਥਾਪਹੁ ਅਧਰਮੁ ਕਹਹੁ ਕਤ ਭਾਈ।।

ਪੰਡੀਆ ਕਵਨ ਕੁਮਤਿ ਤੁਮ ਲਾਗੇ।।
ਬੂਡਹੁਗੇ ਪਰਵਾਰ ਸਕਲ ਸਿਉ ਰਾਮੁ ਨ ਜਪਹੁ ਅਭਾਗੇ।। ੧।। ਰਹਾਉ।।
ਬੇਦ ਪੁਰਾਨ ਪੜੇ ਕਾ ਕਿਆ ਗੁਨੁ ਖਰ ਚੰਦਨ ਜਸ ਭਾਰਾ।।
ਰਾਮ ਨਾਮ ਕੀ ਗਤਿ ਨਹੀ ਜਾਨੀ ਕੈਸੇ ਉਤਰਸਿ ਪਾਰਾ।।੧।।
ਜੀਅ ਬਧਹੁ ਸੁ ਧਰਮੁ ਕਰਿ ਥਾਪਹੁ ਅਧਰਮੁ ਕਹਹੁ ਕਤ ਭਾਈ।।
ਆਪਸ ਕਉ ਮੁਨਿਵਰ ਕਰਿ ਥਾਪਹੁ ਕਾ ਕਉ ਕਹਹੁ ਕਸਾਈ।।੨।।
ਮਨ ਕੇ ਅੰਧੇ ਆਪਿ ਨ ਬੂਝਹੁ ਕਾਹਿ ਬੁਝਾਵਹੁ ਭਾਈ।।
ਮਾਇਆ ਕਾਰਨ ਬਿਦਿਆ ਬੇਚਹੁ ਜਨਮੁ ਅਬਿਰਥਾ ਜਾਈ।।੩।।
ਨਾਰਦ ਬਚਨ ਬਿਆਸੁ ਕਹਤ ਹੈ ਸੁਕ ਕਉ ਪੂਛਹੁ ਜਾਈ।।
ਕਹਿ ਕਬੀਰ ਰਾਮੈ ਰਮਿ ਛੂਟਹੁ ਨਾਹਿ ਤ ਬੂਡੇ ਭਾਈ।।੪।।੧।।

(ਮਾਰੂ ਕਬੀਰ ਜੀ, ਪੰਨਾ ੧੧੦੨-੩)



www.AKJ.Org

ਵਿਆਖਿਆ - ਬੇਦਾਚਾਰੀ ਅਤੇ ਬੇਦ-ਕਰਮਾਰੀ ਪੰਡਤਾਂ ਪ੍ਰਤੀ ਸੰਬੋਧਨ ਕਰ ਕੇ ਸਰਬੱਤ ਬੇਦ-ਪੜਨਹਾਰੇ ਅਤੇ ਬੇਦਾਂ ਅਨੁਸਾਰ ਕਰਮ ਕਰਨਹਾਰੇ ਪੰਡਿਤਾਂ ਨੂੰ ਪਰਬੋਧਿਆ ਗਿਆ ਹੈ ਇਸ ਵਾਕ ਦੁਆਰਾ, ਅਤੇ ਦਸਿਆ ਗਿਆ ਹੈ ਕਿ ਇਹ ਬੇਦ ਮਤਿ ਦੇ ਮੁੱਠੇ ਪੰਡੀਏ (ਪੰਡਤ ਲੋਕ) ਜੋ ਭੀ ਕਰਮ ਕਰਦੇ ਹਨ ਸੋ ਕੁਮੱਤੜੀ ਭਰੇ ਕਰਮ ਕਰਦੇ ਹਨ। ਬੇਦਾਂ ਦੀ ਪੜ੍ਹਾਈ ਲਾਉਂਦੀ ਹੀ ਕੁੱਮਤੜੇ ਕਰਮ ਵਲ ਹੈ। ਇਹ ਬੇਦ ਮਤੇ ਵਾਲੇ ਸਮੁਚੇ ਕਰਮ ਕੁਮਤਿ ਭਰੇ ਕਰਮ ਜਿਤਨੇ ਭੀ ਹਨ, ਸਭੇ ਹੀ ਇਹਨਾਂ ਕੁਮਤਿ ਕਰਮ ਕਰਨਹਾਰਿਆਂ ਨੂੰ ਭਵ ਸਾਗਰ ਵਿਚਿ ਡੋਬਣ ਵਾਲੇ ਕਰਮ ਹਨ। ਕਿਉਂਕਿ ਇਹਨਾਂ ਆਨਮਤ ਕੁਮਤੜੇ ਕਰਮਾਂ ਦੇ ਕਰਨ ਕਰਿ ਨਾਮ ਜਪਣ ਦੀ ਸੁਮਤਿ ਆਉਂਦੀ ਹੀ ਨਹੀਂ, ਅਤੇ ਨਾਮ ਨੂੰ ਇਹ ਬੇਦ (ਆਨਮਤਿ ਧਰਮ ਪੁਸਤਕਾਂ) ਦ੍ਰਿੜਾਉਂਦੇ ਹੀ ਨਹੀਂ, ਪ੍ਰਤੀਪਾਦਨ ਹੀ ਨਹੀਂ ਕਰਾਉਂਦੇ। ਅਤੇ ਨਾਮ ਬਿਨਾਂ ਭਵ-ਸਾਗਰ ਤੋਂ ਪਾਰ-ਉਤਾਰਾ ਨਹੀਂ ਹੁੰਦਾ, ਪ੍ਰਾਣੀ ਦਾ ਨਿਸਤਾਰਾ ਹੁੰਦਾ ਹੀ ਨਹੀਂ। ਬਿਨਾਂ ਗੁਰਮਤਿ ਧਰਮ ਦੇ ਆਨਮਤ ਕੋਈ ਭੀ ਨਾਮ ਨਹੀਂ ਦ੍ਰਿੜਾਉਂਦਾ। ਸਭ ਆਨਮਤ ਧਰਮ-ਪੁਸਤਕ ਖ਼ਾਸ ਕਰਿ ਬੇਦ ਤਾਂ ਬੰਦੇ ਨੂੰ ਕਰਮਾਂ ਕਾਂਡਾਂ ਵਿਚਿ ਹੀ ਉਲਝਾਉਂਦੇ ਹਨ। ਕਰਮ ਕਾਂਡ ਕੀਤਿਆਂ ਪ੍ਰਾਣੀ ਦਾ ਨਿਸਤਾਰਾ, ਭਵ-ਸਾਗਰ ਤੋਂ ਪਾਰ-ਉਤਾਰਾ ਤਾਂ ਕੀ ਹੋਣਾ ਸੀ, ਉਸਦਾ ਡੁਬਣ ਦਾ ਹੀਲਾ ਬਣ ਜਾਂਦਾ ਹੈ। ਅਤੇ ਇਹ ਕਰਮ-ਕਾਂਡੀ ਕੁਮਤੜੀਆਂ ਕਰੱਮਤੜੀਆਂ ਵਾਲੇ ਬੜੇ ਹੀ ਅਭਾਗੇ ਪੁਰਸ਼ ਹਨ, ਨਾਮੁ ਜੋ ਨਹੀਂ ਜਪਦੇ। ਬੇਦ ਪੁਰਾਨ ਪੜ੍ਹੇ ਹੋਣ ਦਾ, ਬੇਦ ਪੁਰਾਣਾਂ ਆਦਿਕ ਆਨਮਤ ਪੁਸਤਕਾਂ ਦੇ ਪੜ੍ਹਨ ਦਾ ਕੀ ਲਾਭ ਹੈ, ਕੀ ਮੁੱਲ ਹੈ ਜੇ ਏਹਨਾਂ ਦੇ ਪੜ੍ਹਨ ਕਰਿ ਵਾਹਿਗੁਰੂ ਦੀ, ਰਮਤ ਰਾਮ (ਸਾਰੇ ਰਮੇ ਹੋਏ ਰਾਮ) ਦੇ ਨਾਮ ਦੀ ਗਤੀ ਹੀ ਨਹੀਂ ਜਾਣੀ ਜਾ ਸਕਦੀ ? ਨਾਮ ਦੀ ਕਦਰ ਹੀ ਨਹੀਂ ਪਛਾਣੀ ਜਾ ਸਕੀਦੀ ? ਤਾਂ ਇਹਨਾਂ ਬੇਦਾਂ ਤੇ ਪੁਰਾਨਾਂ ਆਦਿਕ ਆਨਮਤ ਪੁਸਤਕਾਂ ਦੇ ਪੜ੍ਹਨ ਨਾਲਿ ਯਾ ਏਹਨਾਂ ਅਨੁਸਾਰ ਕਰਮ ਕਰਨ ਨਾਲਿ ਕੈਸੇ ਪਾਰ-ਉਤਾਰਾ ਨਿਸਤਾਰਾ ਹੋ ਸਕਦਾ ਹੈ। ਭਵ ਸਾਗਰ ਤੋਂ ਪਾਰ ਉਤਰਨ ਦਾ ਧੁਰਵਾ ਕੈਸੇ ਬਝ ਸਕਦਾ ਹੈ ? ਬਝ ਹੀ ਨਹੀਂ ਸਕਦਾ, ਪਾਰ-ਉਤਾਰਾ ਹੋ ਹੀ ਨਹੀਂ ਸਕਦਾ, ਜੈਸੇ ਗਧੇ ਉਪਰ ਚੰਦਨ ਦੇ ਭਾਰ ਲਦ ਲਏ, ਜੈਸੇ ਬੇਦਾਂ ਪੁਰਾਨਾਂ ਦੇ ਲਦ ਲਏ। ਬੇਦਾਂ ਪੁਰਾਨਾਂ, ਆਨਮਤ ਧਰਮ ਕਰਮ ਦੀਆਂ ਪੁਸਤਕਾਂ ਪੜ੍ਹਨਹਾਰੇ ਪੜ੍ਹਾਕੂ ਸਭ ਖਰ-ਦਿਮਾਗ ਹੋ ਜਾਂਦੇ ਹਨ। ਉਹਨਾਂ ਨੂੰ ਨਾਮੁ ਦੀ ਚੰਦਨ-ਵਾਸ ਪੋਹ ਹੀ ਨਹੀਂ ਸਕਦੀ। ਚਾਹੇ ਚੰਦਨ ਦੇ ਅੰਬਾਰਾਂ ਦੇ ਅੰਬਾਰ ਉਹਨਾਂ ਉਤੇ ਲੱਦ ਦੇਈਏ। ਭਾਵੇਂ ਚੰਦਨ ਦੇ ਅੰਬਾਰਾਂ ਵਿਚਿ ਉਹਨਾਂ ਨੂੰ ਗੱਡ ਦੇਈਏ। ਉਹਨਾਂ ਨੇ ਤਾਂ ਗਧੇ ਹੀ ਰਹਿਣਾ ਹੈ। ਸੋ ਇਹਨਾਂ ਬੇਦਮਤੀ ਵਿਦਿਆਵਾਂ ਨੇ ਬਹੁਤੇ ਗਰਧਬਾ-ਨੰਦੀ ਸੁਆਮੀ ਹੀ ਪੈਦਾ ਕੀਤੇ ਹਨ। ਗਰਧਬ ਨੂੰ ਚਾਹੇ ਚੰਦਨ ਦੇ ਲੇਪ ਨਾਲਿ ਲਿਪ ਦਿਤਾ ਜਾਵੇ, ਗਰਧਬ (ਗਧੇ) ਦੇ ਅੰਦਰਿ ਚੰਦਨ ਦੀ ਵਾਸ਼ਨਾ ਖ਼ੁਸ਼ਬੋਈ ਕਦੇ ਨਹੀਂ ਚੜ੍ਹੇਗੀ, ਨਾ ਪੋਹੇਗੀ। ਖਰ ਚੰਦਨੀ ਦਿਮਾਗ ਕਦੇ ਚੰਦਨ ਕੁੰਦਨੀ ਪਾਰਸ ਚੰਦਨੀ ਸਿਫਤ ਸਾਲਾਹ ਦੇ ਪਾਤਰ ਨਹੀਂ ਬਣ ਸਕਦੇ। ਮਿਸਾਲ ਦੇ ਤੌਰ ਤੇ ਇਕ ਗੱਲ ਨਾਲਿ ਹੀ ਉਹਨਾਂ ਦੀ ਪਰਖ ਪੜਤਾਲ ਕਰਿ ਲਵੋ। ਕਿਹੜੀ ਗੱਲ, ਉਹ ਇਹ ਕਿ ਬੇਦਾਂ ਪੁਰਾਨਾਂ ਆਦਿਕ ਆਨ-ਧਰਮ-ਮਤ ਪੁਸਤਕਾਂ ਅੰਦਰਿ ਜੀਵਾਂ ਨੂੰ ਬਧ ਕਰਨਾ (ਵਢਣਾ, ਕੋਹਣਾ, ਕਤਲ ਕਰਨਾ) ਪੁੰਨ ਧਰਮ ਕਰਕੇ ਲਿਖਿਆ ਹੈ। ਐ ਏਹਨਾਂ ਪੁਸਤਕਾਂ ਦੇ ਵੇਤਿਓ, ਪੰਡੀਓ ਤੁਸਾਂ ਭੀ ਜੀਵਾਂ ਦੇ ਬਧ ਕਰਨ ਨੂੰ ਪੁੰਨ ਧਰਮ ਥਾਪਿਆ ਹੋਇਆ ਹੈ, ਜਿਸ ਜੈਸਾ ਪਾਪ ਕਰਮ ਹੀ ਕੋਈ ਨਹੀਂ। ਜੇ ਇਸ ਪਾਪ ਕਰਮ ਨੂੰ ਹੀ ਤੁਸੀਂ ਧਰਮ ਕਰਕੇ ਮੰਨਦੇ ਹੋ ਤਾਂ ਦਸੋ ਅਧਰਮ ਕਿਹੜਾ ਹੋਇਆ ? ਅਰਥਾਤ ਜੀਵਾਂ ਨੂੰ ਮਾਰਨ, ਵਢਣ, ਬਧ ਕਰਨ ਤੋਂ ਵਧ ਕੇ ਕੋਈ ਅਧਰਮ ਨਹੀਂ, ਕੋਈ ਏਦੂੰ ਵਧ ਪਾਪ-ਕਰਮ ਨਹੀਂ। ਤਾਂ ਕੈਸੇ ਤੁਹਾਡਾ ਪਾਰ-ਉਤਾਰਾ ਹੋਵੇਗਾ ? ਨਿਸਚੇ ਕਰਕੇ ਤੁਸੀਂ ਭਵ-ਸਾਗਰ ਦੀ ਮੰਝਧਾਰ ਵਿਚਿ ਡੁਬੋਗੇ। ਜੀਵਾਂ ਦੇ ਬਧ ਕਰਨ ਵਾਲੇ ਕਰਮ ਕਰ ਕੇ ਤਾਂ ਤੁਸੀਂ ਆਪਣੇ ਆਪ ਨੂੰ ਸ੍ਰੇਸ਼ਟ ਮੁਨੀ (ਮੁਨਵਰ) ਬਣਾਈ (ਥਾਪੀ) ਬੈਠੇ ਹੋ ਤਾਂ ਦਸੋ ਫੇਰ ਕਸਾਈ ਕਿਸ ਨੂੰ ਕਹੋਗੇ ? ਸਭ ਤੋਂ ਵੱਡੇ ਕਸਾਈ ਤਾਂ ਤੁਸੀਂ ਆਪ ਹੋ, ਜੀਵਾਂ ਨੂੰ ਮਾਰਨ ਵਾਲੇ। ਤੁਹਾਥੋਂ ਵਧ ਹੋਰ ਕਉਣ ਕਸਾਈ ਹੋ ਸਕਦਾ ਹੈ ? ਜੇ ਕਸਾਈ ਦਾ ਨਾਮ ਹੀ ਮੁਨਵਰ ਹੈ ਤਾਂ ਇਹ ਤੁਸਾਡੀ ਮੁਨਵਰਤਾ ਕੋਈ ਨਹੀਂ, ਐਵੇਂ ਪਾਖੰਡ ਹੀ ਹੈ। ਜੀਆ ਬੱਧ ਵਾਲੇ ਕਰਮ ਤੁਸਾਡੇ ਸਭ ਕਸਾਈਆਂ ਵਾਲੇ ਕਰਮ ਹਨ। ਮਤ ਏਸ ਭੁਲੇਖੇ ਰਹਿਓ ਕਿ ਮੁਨਵਰੀ ਪਾਖੰਡੀ ਬਣ ਕੇ ਤੁਸਾਡਾ ਪਾਰ-ਉਤਾਰਾ ਹੋ ਜਾਵੇਗਾ। ਇਹ ਸਭ ਤੁਸਾਂ ਨੂੰ ਭਵ-ਸਾਗਰ ਵਿਚਿ ਡੋਬਣ ਵਾਲੇ ਹੀ ਕਰਮ ਹਨ। ਤੁਸੀਂ ਆਪ ਤਾਂ ਮਨ ਦੇ ਅੰਧੇ ਹੋ, ਦੂਜਿਆਂ ਨੂੰ ਤੁਸੀਂ

(ਬਾਕੀ ਪੰਨਾ ੭ ਤੇ ....)



www.AKJ.Org

# ਧਰਮਰਾਇ ਦੀ ਦਰਗਾਹ

(ਵਲੋਂ-ਗੁਰਪੁਰ ਵਾਸੀ ਭਾਈ ਰਣਧੀਰ ਸਿੰਘ ਜੀ)

ਜਾਤ ਅਤੇ ਰੂਪ ਦਾ ਅਭਿਮਾਨ ਫ਼ਜ਼ੂਲ ਹੈ। ਜਾਤ ਰੂਪ ਕਰਕੇ ਕੋਈ ਵਡਿਆਈ ਨਹੀਂ ਪਾਉਂਦਾ, ਏਸ ਦੁਨੀਆਂ ਵਿਚ ਭਾਵੇਂ ਚਾਰ ਦਿਨ ਦੀ ਸੋਭਾ ਮਿਲ ਜਾਂਦੀ ਹੋਵੇ। ਇਹ ਭੀ ਜਾਂਦੀ ਬਿਲਮ ਨਹੀਂ ਲਾਉਂਦੀ, ਅਗੇ ਵਾਹਿਗੁਰੂ ਦੀ ਦਰਗਾਹ ਵਿਚ ਤਾਂ ਜਾਤ ਤੇ ਰੂਪ ਦੀ ਕੁਝ ਚਲਦੀ ਹੀ ਨਹੀਂ। ਜਿਹੇ ਕੋਈ ਕਰਮ ਏਥੇ ਕਮਾਉਂਦਾ ਹੈ। ਤੇਹੇ ਫਲ ਅਗੇ ਜਾ ਕੇ ਪਾਉਂਦਾ ਹੈ। ਜੈਸੇ ਕਰਮ ਇਥੇ ਕਮਾਉਂਦਾ ਹੈ ਤੇਹੋ ਜਿਹਾ ਅਗੇ ਜਾ ਕੇ ਹੁੰਦਾ ਹੈ।

ਪਰ ਗੁਰ-ਸ਼ਬਦ ਜਾਪ ਰੂਪੀ ਕਰਮ, ਅਰਥਾਤ ਨਾਮ ਸਿਮਰਨ ਸਭ ਕਰਮਾਂ ਤੋਂ ਉੱਚਾ ਸੁੱਚਾ ਕਰਮ ਹੈ। ਇਸ ਕਰਕੇ ਜੋ ਜਨ ਗੁਰ-ਸ਼ਬਦ ਰੂਪੀ ਜਪ ਕਰਨ ਦੀ ਉਚੀ ਸੁਚੀ ਕਮਾਈ ਕਰਦਾ ਹੈ ਸੋ ਜਨ ਅਗੇ ਜਾ ਕੇ ਭੀ ਉਚੋਂ ਉਚਾ ਹੁੰਦਾ ਹੈ। ਅਤੇ ਉਚੀ ਹੀ ਉਚੀ ਥਾਉਂ ਮਰਤਬਾ ਅਗਲੀ ਦਰਗਾਹੇ ਪਾਉਂਦਾ ਹੈ ਤੇ ਸਚ ਸਰੂਪ ਵਿਚ ਹੀ ਸਮਾ ਜਾਂਦਾ ਹੈ। ਯਥਾ ਗੁਰਵਾਕ :-

ਆਗੈ ਜਾਤਿ ਰੂਪੁ ਨ ਜਾਇ।।
ਤੇਹਾ ਹੋਵੈ ਜੇਹੇ ਕਰਮ ਕਮਾਇ।।
ਸਬਦੇ ਊਚੋ ਊਚਾ ਹੋਇ।।
ਨਾਨਕ ਸਾਚਿ ਸਮਾਵੈ ਸੋਇ।।

(ਆਸਾ ਮ: ੩, ਪੰਨਾ ੩੬੩)

ਏਸ ਦੁਨੀਆਂ ਵਿਚ ਜਿਨ੍ਹਾਂ ਗੱਲਾਂ ਵਿਚ ਪ੍ਰਾਣੀ ਖਪ ਖਪ ਮਰਦਾ ਹੈ, ਉਹ ਸਭ ਏਥੇ ਦੀਆਂ ਏਥੇ ਹੀ ਰਹਿ ਜਾਣੀਆਂ ਹਨ। ਅਗੇ ਤਿਲ ਮਾਤਰ ਭੀ ਕੰਮ ਨਹੀਂ ਆਉਣੀਆਂ। ਰਾਜ, ਮਿਲਖ , ਜੋਬਨ, ਘਰ ਬਾਰ, ਸੋਭਾ, ਰੂਪ ਤੇ ਜੁਆਨੀ, ਬਹੁਤਾ ਧਨ, ਹਾਥੀ ਘੋੜੇ ਤੇ ਲਖਾਂ ਦੀ ਕੀਮਤ ਦੇ ਲਾਲ, ਇਹ ਸਭ ਗੁਣ ਪਦਾਰਥ ਅਗੇ ਦਰਗਾਹ ਵਿਚ ਕੰਮ ਨਹੀਂ ਆਉਂਦੇ। ਏਹਨਾਂ ਚੀਜ਼ਾਂ ਦੇ ਵਿਹਾਝਣਹਾਰੇ, ਇਹ ਸਭ ਕੁਝ ਏਥੇ ਹੀ ਛਡ ਕੇ ਚਲੇ ਜਾਂਦੇ ਹਨ। ਤਾਂ ਤੇ ਜਿਨ੍ਹਾਂ ਪਦਾਰਥਾਂ ਨੇ ਐਥੇ ਹੀ ਧਰੇ ਰਹਿਣਾ ਹੈ, ਤੇ ਨਾਲ ਨਹੀਂ ਚਲਣਾ ਉਨ੍ਹਾਂ ਵਿਚ ਖੱਚਤ ਹੋਣਾ ਤੇ ਉਨ੍ਹਾਂ ਨੂੰ ਵਿਹਾਝਣਾ ਬਿਰਥਾ ਤੇ ਅਕਾਰਥ ਹੈ। ਅਗੇ ਨਾਲ ਚਲਣ ਤੇ ਨਿਭਣ ਵਾਲੀ ਵਸਤੂ ਇਕੋ ਨਾਮ ਪਦਾਰਥ ਹੀ ਹੈ। ਇਸ ਲਈ ਇਕੋ ਨਾਮ ਪਦਾਰਥ ਤੋਂ ਬਿਨਾਂ ਹੋਰ ਮਾਇਕ ਪਦਾਰਥਾਂ ਵਿਚ ਉਕਾ ਹੀ ਚਿੱਤ ਨਹੀਂ ਲਾਉਣਾ ਚਾਹੀਦਾ। ਬਸ ਊਠਤ, ਬੈਠਤ, ਸੋਵਤ, ਜਾਗਤ , ਸਦਾ ਇਕੋ ਨਾਮ ਧਿਆਉਣਾ ਹੀ ਇਸ ਮਨੁਖਾ ਜੀਵਨ ਦਾ ਮੁਖ ਉਦੇਸ਼ ਹੈ। ਕਿਉਂਕਿ ਇਸੇ ਨਾਮ ਨੇ ਅਗਲੀ ਦਰਗਾਹ ਵਿਚ ਸਹਾਈ ਹੋਣਾ ਹੈ :-

ਰਾਜ ਮਿਲਕ ਜੋਬਨ ਗ੍ਰਿਹ
ਸੋਭਾ ਰੂਪਵੰਤੁ ਜੋੁਆਨੀ।।
ਬਹੁਤੁ ਦਰਬੁ ਹਸਤੀ ਅਰੁ ਘੋੜੇ
ਲਾਲ ਲਾਖ ਬੈ ਆਨੀ।।
ਆਗੈ ਦਰਗਹਿ ਕਾਮਿ ਨ ਆਵੈ
ਛੋਡਿ ਚਲੈ ਅਭਿਮਾਨੀ।। ੧।।
ਕਾਹੇ ਏਕ ਬਿਨਾ ਚਿਤੁ ਲਾਈਐ।।
ਊਠਤ ਬੈਠਤ ਸੋਵਤ ਜਾਗਤ
ਸਦਾ ਸਦਾ ਹਰਿ ਧਿਆਈਐ।। ੧।। ਰਹਾਉ।

(ਆਸਾ ਮ: ੫, ਪੰਨਾ ੩੭੯)

ਅਗਲੇ ਗੁਰ-ਪ੍ਰਮਾਣ ਵਿਚ ਨਿੰਦਕ ਦੀ ਗਤ ਦਸੀ ਗਈ ਹੈ ਕਿ ਅਗਲੀ ਦਰਗਾਹ ਵਿਚ ਨਿੰਦਕ ਦਾ ਕੀ ਹਾਲ ਹੁੰਦਾ ਹੈ। ਜੋ ਕੁਝ ਇਸ ਵਾਕ ਵਿਚ ਦਸਿਆ ਗਿਆ ਹੈ, ਇਹ ਵਰਤਾਰਾ ਸਚ ਮੁਚ ਦਰਗਾਹ ਵਿਚ ਵਰਤਦਾ ਹੈ, ਇਸ ਵਿਚ ਰਤਾ ਸੰਦੇਹ ਨਾ ਕਰੋ :-

ਜਨਮ ਜਨਮ ਕੀ ਮਲੁ ਧੋਵੈ ਪਰਾਈ
ਆਪਣਾ ਕੀਤਾ ਪਾਵੈ।।
ਈਹਾ ਸੁਖੁ ਨਹੀ ਦਰਗਹ ਢੋਈ
ਜਮਪੁਰਿ ਜਾਇ ਪਚਾਵੈ।।੧।।
ਨਿੰਦਕਿ ਅਹਿਲਾ ਜਨਮੁ ਗਵਾਇਆ।।
ਪਹੁਚਿ ਨ ਸਾਕੈ ਕਾਹੂ ਬਾਤੈ
ਆਗੈ ਠਉਰ ਨ ਪਾਇਆ।।੧।।ਰਹਾਉ।।
ਕਿਰਤੁ ਪਇਆ ਨਿੰਦਕ ਬਪੁਰੇ ਕਾ
ਕਿਆ ਓਹੁ ਕਰੈ ਬਿਚਾਰਾ।।
ਤਹਾ ਬਿਗੂਤਾ ਜਹ ਕੋਇ ਨ ਰਾਖੈ
ਓਹੁ ਕਿਸੁ ਪਹਿ ਕਰੇ ਪੁਕਾਰਾ।।੨।।

(ਆਸਾ ਮ: ੫, ਪੰਨਾ ੩੮੦)

ਇਸ ਗੁਰਵਾਕ ਦਾ ਮੋਟਾ ਭਾਵ ਇਹ ਹੈ ਕਿ ਨਿੰਦਾ ਕਰ ਕੇ ਨਿੰਦਕ ਪਰਾਈ ਮੈਲ ਹੀ ਧੌਂਦਾ ਹੈ। ਜਿਸ ਦੀ ਨਿੰਦਾ ਕਰਦਾ ਹੈ, ਉਸ ਦੀ ਜਨਮ ਜਨਮ ਦੀ ਮੈਲ ਧੋਂਦਾ ਹੈ, ਪਰ ਕਿਸੇ ਦਾ ਕੁਝ ਵਿਗਾੜ ਨਹੀਂ ਸਕਦਾ। ਸਗੋਂ ਆਪਣਾ ਕੀਤਾ ਆਪ ਪਾਉਂਦਾ ਹੈ। ਉਸ ਨੂੰ ਨ ਇਸ ਲੋਕ ਵਿਚ ਸੁਖ ਮਿਲਦਾ ਹੈ ਨਾ ਅਗਲੀ ਦਰਗਾਹ ਢੋਈ ਪ੍ਰਾਪਤ ਹੁੰਦੀ ਹੈ। ਸਿੱਧਾ ਜਮਪੁਰੀ ਜਾ ਸਿਧਾਉਂਦਾ ਹੈ।



www.AKJ.Org

ਉਸ ਨੇ ਮਨੁੱਖਾ ਜਨਮ ਐਵੇਂ ਹੀ ਗਵਾ ਲਿਆ। ਉਹ ਕਿਸੇ ਤਰ੍ਹਾਂ ਵੀ ਉਚ ਅਵਸਥਾ ਵਾਲੀ ਸਦਗਤੀ ਨੂੰ ਪ੍ਰਾਪਤ ਨਹੀਂ ਹੋ ਸਕਦਾ। ਜਿਸ ਦੀ ਨਿੰਦਾ ਕਰਦਾ ਹੈ ਉਸ ਦੀ ਬਰਾਬਰੀ ਨਹੀਂ ਕਰ ਸਕਦਾ। ਅਗਲੀ ਦਰਗਾਹ ਉਸ ਨੂੰ ਕੋਈ ਥਾਂ ਨਹੀਂ ਮਿਲਦੀ । ਆਪਣੀ ਕਰਨੀ ਦਾ ਫਲ ਪਾਉਂਦਾ ਹੈ। ਇਹੋ ਉਸ ਦੇ ਕਰਮਾਂ ਵਿਚ ਲਿਖਿਆ ਹੋਇਆ ਹੁੰਦਾ ਹੈ, ਸੋ ਉਹ ਭੁਗਤਦਾ ਹੈ, ਉਸ ਵਿਚਾਰੇ ਦੇ ਕੀ ਵੱਸ ਹੈ, ਭੁਗਤਾਉਣਹਾਰਾ ਭੁਗਤਾਉਂਦਾ ਹੈ। ਆਪਣੇ ਕਰਮਾਂ ਕਰਕੇ ਐਸੇਂ ਦੁਖਾਵੇਂ ਥਾਵੀਂ ਖੁਆਰ ਹੁੰਦਾ ਹੈ, ਜਿਥੇ ਉਸ ਦੀ ਕੋਈ ਰਖਿਆ ਨਹੀਂ ਕਰ ਸਕਦਾ। ਪਇਆ ਕੂਕ ਪੁਕਾਰ ਕਰਦਾ ਹੈ, ਪਰ ਉਸ ਦੀ ਕੋਈ ਨਹੀਂ ਸੁਣਦਾ। ਇਹ ਭਿਆਨਕ ਨਜ਼ਾਰਾ ਅਗੇ ਦਾ ਯਥਾਰਥੀ ਵਰਤਣ ਵਾਲਾ ਹਾਲ ਦਸਿਆ ਹੈ, ਨਿਰਾ ਰੌਚਕ ਬਿਆਨੀ ਕਥਨੀ ਮਾਤਰੀ ਡ੍ਰਮ ਡਰਾਵਾ ਹੀ ਨਹੀਂ। ਇਹ ਕੁਝ ਨਿੰਦਕ ਨਾਲ ਅਗਲੀ ਦਰਗਾਹ ਪਰਤਖ ਵਰਤ ਕੇ ਰਹਿੰਦਾ ਹੈ। ਤੇ ਇਸ ਤੋਂ ਬਚਣ ਦਾ ਕੋਈ ਚਾਰਾ ਨਹੀਂ , ਤਾਂ ਤੇ ਅਗਲੀ ਦਰਗਾਹੇ ਕਰਮਾਂ ਦੇ ਫਲ ਮਿਲਣ ਸਬੰਧੀ ਅਵੇਸਲੇ ਨਹੀਂ ਰਹਿਣਾ ਚਾਹੀਦਾ। ਇਹ ਖ਼ਿਆਲ ਕਰਨਾ ਕਿ ਨਾ ਅੱਗਾ ਹੈ ਤੇ ਨਾ ਹੀ ਅੱਗੇ ਜਾ ਕੇ ਕਰਮਾਂ ਦਾ ਫਲ ਮਿਲਣਾ ਹੈ, ਨਿਰਾ ਨਿਘਾਸ ਵਾਲਾ ਅਹਿਸਾਸ ਹੀ ਹੈ। ਇਸ ਉਪਰਲੇ ਗੁਰਵਾਕ ਦੁਆਰਾ ਨਿੰਦਕ ਨੂੰ ਜਮਪੁਰੀ ਦਾ ਵਾਸ ਮਿਲਣਾ ਸਿਧ ਹੈ। ਜਮਪੁਰੀ ਭੀ ਅਣ-ਦਿਸਦੀ ਦੁਨੀਆਂ ਵਿਚ ਇਕ ਵਖਰਾ ਮੰਡਲ ਹੈ, ਜਿਸ ਵਿਚ ਦੀ ਬੁਰੇ ਕੰਮਾਂ ਵਾਲਿਆਂ ਨੂੰ ਲੰਘਣਾ ਤੇ ਜਮਾਂ ਵੱਲੋਂ ਸਜ਼ਾਵਾਂ ਤੇ ਦੁਖ ਸਹਿਣੇ ਪੈਂਦੇ ਹਨ।

ਜਿਹੜਾ ਬਗਲਾ ਭਗਤ ਬਾਹਰੋਂ ਤਾਂ ਸਫ਼ਾਈਆਂ ਕਰਦਾ ਹੈ ਤੇ ਅੰਦਰੋਂ ਪਾਪਾਂ ਨਾਲ ਭਰਿਆ ਹੋਇਆ ਮਲੀਨ-ਚਿਤ ਹੈ, ਉਹ ਲੋਕਾਂ ਭਾਣੇ ਤਾਂ ਚੰਗਾ ਬਣ ਬਣ ਬਹਿੰਦਾ ਹੈ, ਪਰ ਉਸ ਦੀ ,ਠੱਗੀ ਤੇ ਪਖੰਡ ਦਾ ਫਲ ਅਵੱਸ਼ ਉਸ ਨੂੰ ਮਿਲ ਕੇ ਰਹਿੰਦਾ ਹੈ। ਉਹ ਆਪਣਾ ਲੋਕ ਪਰਲੋਕ ਵਿਗਾੜ ਲੈਂਦਾ ਹੈ ਤੇ ਦੋਇ ਠਉਰ ਆਪਣੇ ਖੋਹ ਬੈਠਦਾ ਹੈ। ਇਸ ਲੋਕ ਵਿਚ ਉਹ ਕਾਮ ਕ੍ਰੋਧ ਨਾਲ ਅਟਿਆ ਹੋਇਆ ਭੁਲਦਾ ਫਿਰਦਾ ਹੈ, ਪਰ ਅਗੇ ਜਾ ਕੇ ਮੁਸ ਮੁਸ ਰੋਂਦਾ ਹੈ, ਏਥੇ ਭੀ ਕਾਮ ਕ੍ਰੋਧ ਦੀ ਅਗਨੀ ਵਿਚ ਜਲਦਾ ਸੜਦਾ ਭੁਜਦਾ ਹੀ ਰਹਿੰਦਾ ਹੈ। ਯਥਾ ਗੁਰਵਾਕ :-

ਬਾਹਰੁ ਧੋਇ ਅੰਤਰੁ ਮਨੁ ਮੈਲਾ
ਦੁਇ ਠਉਰ ਅਪੁਨੇ ਖੋਏ॥
ਈਹਾ ਕਾਮਿ ਕ੍ਰੋਧਿ ਮੋਹਿ ਵਿਆਪਿਆ
ਆਗੈ ਮੁਸਿ ਮੁਸਿ ਰੋਇ॥੧॥

(ਆਸਾ ਮ: ੫, ਪੰਨਾ ੩੮੧)

ਜੋ ਸਚ ਮੁਚ ਵਾਹਿਗੁਰੂ ਦੀ ਸ਼ਰਨ ਪ੍ਰਾਪਤ ਕਰਨ ਲਈ ਪਾਖੰਡ ਰਹਿਤ ਗੁਰਮਤਿ ਕਰਮ ਸਚੇ ਸੁਚੇ ਦਿਲੋਂ ਕਮਾਉਂਦੇ ਹਨ ਤੇ ਨਾਮ ਧਿਆਉਂਦੇ ਹਨ ਉਹ ਦਰ-ਹਕੀਕਤ ਪ੍ਰਭ-ਸ਼ਰਨਾਗਤ ਨੂੰ ਜਾ ਪ੍ਰਾਪਤ ਹੁੰਦੇ ਹਨ। ਉਹਨਾਂ ਨੂੰ ਇਸ ਦੁਨੀਆਂ ਵਿਚ ਸਚਾ ਸੁਖ ਮਿਲਦਾ ਹੈ, ਤੇ ਅੱਗੇ ਜਾ ਕੇ ਉਹ ਸਦਗਤੀ ਨੂੰ ਪ੍ਰਾਪਤ ਹੁੰਦੇ ਹਨ। ਯਥਾ ਗੁਰਵਾਕ :-

ਕਹੁ ਨਾਨਕ ਜੋ ਪ੍ਰਭ ਸਰਣਾਈ॥
ਈਹਾ ਸੁਖੁ ਆਗੈ ਗਤਿ ਪਾਈ॥

(ਆਸਾ ਮਹਲਾ ੫, ਪੰਨਾ ੩੮੮)

ਅਬੇ ਤਬੇ ਗੁਰੂ ਦੀ ਸੇਵਾ ਚਾਕਰੀ ਧੁਰ ਹਰਿ ਦਰਗਾਹ ਪ੍ਰਾਪਤੀ ਲਈ ਕਿਸੇ ਕੰਮ ਨਹੀਂ ਆ ਸਕਦੀ, ਸਗੋਂ ਅਧਵਾਟੇ ਹੀ ਡੋਬ ਦਿੰਦੀ ਹੈ। ਜਿਵੇਂ ਪੱਥਰ ਦੀ ਬੇੜੀ ਆਪ ਭੀ ਡੁਬ ਜਾਂਦੀ ਹੈ ਤੇ ਉਸ ਵਿਚ ਚੜ੍ਹਿਆਂ ਹੋਇਆਂ ਪੰਧਾਊਆਂ ਨੂੰ ਭੀ ਉਹ ਨਾਲ ਹੀ ਲੈ ਡੁੱਬਦੀ ਹੈ। ਅਜ ਕਲ੍ਹ ਦੇ ਆਪੇ ਬਣ ਬੈਠੇ ਪਖੰਡੀ ਗੁਰੂਆਂ ਦਾ ਸਣੇ ਚੇਲਿਆਂ ਦੇ ਏਹੋ ਹਾਲ ਹੋਸੀ। *'ਸਚਾ ਸਤਿਗੁਰੂ, ਧੁਰ ਕੀ ਗੁਰਤਤਾ ਵਾਲਾ ਮੋਹਰ ਛਾਪ ਟਕਸਾਲ ਵਾਲਾ ਗੁਰੂ ਨਾਨਕ ਦੇਵ ਹੀ ਸਿਖਾਂ ਨੂੰ ਭਵ-ਸਾਗਰੋਂ ਪਾਰ ਕਰਨ ਨੂੰ ਸਮਰਥ ਹੈ। ਆਪ ਧੁਰੋਂ ਹੀ ਤਰੇ ਤਰਾਏ ਆਏ ਹਨ ਤੇ ਭਵ ਤਾਰਨ ਲਈ ਜਗਤ-ਗੁਰੂ ਸਦਾਏ ਹਨ। ਸਚੀ ਗੁਰਿਆਈ ਗੁਰੂ ਘਰ, ਗੁਰੂ ਨਾਨਕ ਦੇ ਘਰ ਦੀ ਹੀ ਇਕੋ ਇਕ ਟਕਸਾਲ ਹੈ, ਜਿਥੋਂ ਜਗਿਆਸੂ ਜਨ ਵਰੋਸਾਉਂਦੇ ਤੇ ਸਦਾ ਨਿਸਤਾਰਾ ਪਾਉਂਦੇ ਹਨ।'* ਸਚੇ ਗੁਰੂ ਦੀ ਟਕਸਾਲ 'ਤੇ ਸਚੇ ਜਗਿਆਸੂ ਹੀ ਪਰਖੇ ਜਾਂਦੇ ਹਨ। ਪਰਖ ਕੇ ਖਜ਼ਾਨੇ ਪਾਏ ਜਾਂਦੇ ਹਨ। ਏਥੇ ਜਗਿਆਸੂ ਜਨਾਂ ਨੂੰ ਆਪਣਾ ਮਨ ਪਹਿਲਾਂ ਵੇਚਣਾ ਪੈਂਦਾ ਹੈ। ਪੋਚ-ਪਰਚਾਵਾ ਦਿਖਾਉਣ ਵਾਲਿਆਂ ਦਾ ਏਥੇ ਕੁਝ ਵਸ ਨਹੀਂ ਚਲਦਾ। ਪੋਚ-ਪਰਚਾਵੇ 'ਤੇ ਪੋਚ-ਕਪੋਚੀਏ ਪਖੰਡੀ ਗੁਰੂ ਹੀ ਰੀਝਦੇ ਹਨ। ਘਟ ਘਟ ਦਾ ਅੰਤਰਜਾਮੀ ਸਤਿਗੁਰੂ ਸਚਾ ਪਾਤਸ਼ਾਹ ਭਲੀ ਬਿਧ ਪਰਖ ਲੈਂਦਾ ਹੈ। ਜਿਨ੍ਹਾਂ ਨੇ ਆਪਣਾ ਮਨ ਸਤਿਗੁਰੂ ਪਾਸ ਵੇਚਿਆ ਹੁੰਦਾ ਹੈ ਤਿਨ੍ਹਾਂ ਦੇ ਹੀ ਸਤਿਗੁਰੂ ਕਾਰਜ ਕਰ ਸਕਦਾ ਹੈ ਅਤੇ ਉਨ੍ਹਾਂ


www.AKJ.Org

ਦੀ ਪਰਮਾਰਥੀ ਜਗਿਆਸਾ ਨੂੰ ਥਾਊਂ ਪਾਉਂਦਾ ਹੈ। ਸੋ ਗੁਰੂ ਕਾ ਸਿੱਖ ਬਣਨ ਲਈ ਪਹਿਲਾਂ ਅਪਣਾ ਮਨ ਵੇਚਣਾ ਪੈਂਦਾ ਹੈ ਤੇ ਨਾਲ ਹੀ ਸੀਸ ਅਰਪਣ ਕਰਨਾ ਪੈਂਦਾ ਹੈ। ਇਸ ਤਰ੍ਹਾਂ ਜਗਿਆਸੂ ਜਨ-ਗੁਰ-ਦੀਖਿਆ ਦੇ ਪਾਤਰ ਬਣਕੇ ਗੁਰਮੁਖ ਵਸਤ ਨੂੰ ਪਛਾਣ ਕੇ ਦਰ-ਦਰਗਾਹੀ ਨਿਜ-ਘਰ ਭਾਲ ਲੈਂਦੇ ਹਨ, ਜਿਹਾ ਕਿ ਇਸ ਗੁਰਵਾਕ ਦਾ ਭਾਵ ਹੈ :-

**ਅਬੇ ਤਬੇ ਕੀ ਚਾਕਰੀ ਕਿਉ ਦਰਗਹ ਪਾਵੈ।।**
**ਪਥਰ ਕੀ ਬੇੜੀ ਜੇ ਚੜੈ ਭਰ ਨਾਲਿ ਬੁਡਾਵੈ।।੪।।**
ਆਪਨੜਾ ਮਨੁ ਵੇਚੀਐ ਸਿਰੁ ਦੀਜੈ ਨਾਲੇ।।

(ਆਸਾ ਮ: ੧, ਪੰਨਾ ੪੨੦)

ਸਚੀ ਗੁਰ-ਚਾਕਰੀ ਵਾਲੀ ਸੇਵਾ ਸੋਈ ਗੁਰਮੁਖ ਜਨ ਕਰਦੇ ਹਨ ਅਤੇ ਕਰ ਕੇ ਤੋੜ ਨਿਭਾਉਂਦੇ ਹਨ ਜਿਨ੍ਹਾਂ ਤੋਂ ਨਦਰਾਲੂ ਕ੍ਰਿਪਾਲੂ ਪਿਤਾ ਕਰਾਉਂਦਾ ਨਿਭਾਉਂਦਾ ਹੈ। ਬਸ ਹਰਿ ਦਰਗਹਿ ਸੀਝਣ ਲਈ ਸਿਰ ਦੇ ਕੇ ਹੀ ਛੁਟਕਾਰਾ ਹੁੰਦਾ ਹੈ । ਯਥਾ ਗੁਰਵਾਕ :-

ਗੁਰ ਕੀ ਸੇਵਾ ਸੋ ਕਰੇ ਜਿਸੁ ਆਪਿ ਕਰਾਏ।।
ਨਾਨਕ ਸਿਰੁ ਦੇ ਛੂਟੀਐ ਦਰਗਹ ਪਤਿ ਪਾਏ।।੮।।੮੮।।

(ਆਸਾ ਮ: ੧, ਪੰਨਾ ੪੨੧)

ਗੁਰੂ ਕੇ ਸਿਖ ਗ੍ਰਿਹਸਤ ਵਿਚ ਰਹਿ ਕੇ ਹੀ ਗੁਰਮਤਿ-ਨਾਮ-ਅਭਿਆਸ -ਕਮਾਈ ਵਾਲੀ ਸੇਵਾ ਧਾਰਨਾ ਕਰਦੇ ਹਨ। ਇਹ ਸਚੀ ਗੁਰਮਤਿ ਦੀ ਜਾਗ ਵਿਰਲੇ ਗ੍ਰਿਹਸਤ-ਉਦਾਸ ਸੇਵਕਾਂ ਸਾਧਕਾਂ ਨੂੰ ਹੀ ਲਗਦੀ ਹੈ। ਜਿਨ੍ਹਾਂ ਨੂੰ ਇਹ ਜਾਗ ਲਗੀ ਹੈ ਉਹ ਗੁਰਮੁਖ ਸਦ ਸਦਾ ਹੀ ਦ੍ਰਿੜ੍ਹ ਕਰਕੇ ਨਾਮ ਦਾਨ ਇਸ਼ਨਾਨ ਸਤਿਸੰਗ ਦੀ ਗੁਰਮਤਿ ਰਹਿਤ ਰਹਿਣੀ ਨੂੰ ਸਾਵਧਾਨ ਤੇ ਸੁਜਾਗ ਹੋ ਕੇ ਕਮਾਉਂਦੇ ਹਨ। ਕੇਵਲ ਇਸ ਬਿਧ ਹੀ ਸਚੀ ਭਗਤੀ ਪ੍ਰਾਪਤ ਹੋ ਸਕਦੀ ਹੈ। ਨਾਮ, ਦਾਨ, ਇਸ਼ਨਾਨ ਦ੍ਰਿੜ੍ਹ ਕਰਨਹਾਰਿਆਂ ਦੀ ਹੀ ਸਚੀ ਸੁਜਾਗ ਭਗਤੀ ਪਰਵਾਨ ਪੈਂਦੀ ਹੈ। ਅਜਿਹੇ ਗੁਰੂ ਦੇ ਦਰ ਪਰਵਾਨ ਪਏ ਅਨਿੰਨ ਗੁਰਸਿਖ ਹੀ ਗੁਰੂ ਦੀ ਕਿਰਪਾ ਨਾਲ ਦਰਗਾਹੀ ਘਰ ਨੂੰ ਪਛਾਣਦੇ ਹਨ। ਸੋ ਸਚੀ ਦਰਗਹ ਜਾ ਕੇ ਉਹ ਸਿਆਣੇ ਜਾਂਦੇ ਹਨ। ਧੁਰ ਪੁਗ ਕੇ ਭੀ, ਦਰਗਾਹੇ ਪਹੁੰਚ ਕੇ ਭੀ, ਉਹ ਨਾਮ-ਭਗਤੀ ਨੂੰ ਨਹੀਂ ਵਿਸਾਰਦੇ । ਐਸੇ ਹੀ ਸਚਿਆਰ ਸਿਖ ਸਚੇ ਕਰਤਾਰ ਨੂੰ ਭਾਉਂਦੇ ਹਨ। ਯਥਾ ਗੁਰਵਾਕ :-

ਇਕਿ ਗਿਰਹੀ ਸੇਵਕ ਸਾਧਿਕਾ ਗੁਰਮਤੀ ਲਾਗੇ।।
ਨਾਮੁ ਦਾਨੁ ਇਸਨਾਨੁ ਦ੍ਰਿੜੁ ਹਰਿ ਭਗਤਿ ਸੁਜਾਗੇ।।੭।।
ਗੁਰ ਤੇ ਦਰੁ ਘਰੁ ਜਾਣੀਐ ਸੋ ਜਾਇ ਸਿਞਾਣੈ।।
ਨਾਨਕ ਨਾਮੁ ਨ ਵੀਸਰੈ ਸਾਚੇ ਮਨੁ ਮਾਨੈ।।੮।।੨੪।।

(ਆਸਾ ਮ: ੧, ਪੰਨਾ ੪੧੯)

ਸਚੇ ਗੁਰੂ ਤੇ ਜਿਨ੍ਹਾਂ ਦਾ ਮਨ ਮੰਨਿਆ ਹੈ, ਸੋਈ ਨਾਮ ਨੂੰ ਨਹੀਂ ਵਿਸਾਰਦੇ। ਸਚੇ ਦਰ ਤੇ ਸਚੇ ਸਿਖ ਹੀ ਦਰ-ਦਰਵਾਨ ਹੋ ਕੇ ਪਰਵਾਨ ਪੈਂਦੇ ਹਨ। ਦਰ-ਢੱਠੇ ਸੇਵਕਾਂ ਦੇ ਦਿਲੀ ਦਰਦ ਨੂੰ ਅੰਤਰਜਾਮੀ ਵਾਹਿਗੁਰੂ ਹੀ ਜਾਣਦਾ ਪਛਾਣਦਾ ਹੈ। ਸਚੀ ਭਗਤੀ ਦੁਆਰਾ ਹੀ ਦਰਦ ਫ਼ਿਰਾਕ ਦੂਰ ਹੁੰਦਾ ਹੈ। ਜਦੋਂ ਦੂਰ ਹੁੰਦਾ ਹੈ ਉਦੋਂ ਹੀ ਸਚੀ ਭਗਤੀ ਦੀ ਕਦਰ ਪੈਂਦੀ ਹੈ। ਇਹ ਭਗਤੀ ਬਿਸਮਾਦੀ ਭਗਤੀ, ਅਰਥਾਤ ਹੈਰਾਨ ਕਰਨ ਵਾਲੀ ਭਗਤੀ ਹੈ, ਜੋ ਅਕਾਲ ਪੁਰਖ ਦੀ ਹਜ਼ੂਰੀ ਵਿਚ ਦਰਗਾਹ ਪੁਗ ਕੇ ਭੀ ਹੁੰਦੀ ਰਹਿੰਦੀ ਹੈ। ਗੁਰੂ-ਘਰ ਦੇ ਸਚੇ ਗੁਰਮੁਖਾਂ ਨੂੰ ਹੀ ਬਿਧ ਪ੍ਰਾਪਤ ਹੁੰਦੀ ਹੈ। ਸਚ ਵੇਲੇ ਦੀ, ਵੇਲਾ ਸਮਝਣ ਦੀ, ਸ਼ਬਦ ਸਾਲਾਹੁਣ ਦੀ ਸਚੀ ਪਛਾਣ ਗੁਰਮੁਖਾਂ ਨੂੰ ਹੀ ਆਂਈ ਹੈ, ਹੋਰ ਕਿਸੇ ਨੂੰ ਨਹੀਂ :-

ਦਰਿ ਸੇਵਕੁ ਦਰਵਾਨੁ ਦਰਦੁ ਤੂੰ ਜਾਣਹੀ।।
ਭਗਤਿ ਤੇਰੀ ਹੈਰਾਨੁ ਦਰਦੁ ਗਵਾਵਹੀ।।੩।।
ਦਰਗਹਿ ਨਾਮੁ ਹਦੂਰਿ ਗੁਰਮੁਖਿ ਜਾਣਸੀ।।
ਵੇਲਾ ਸਚੁ ਪਰਵਾਣੁ ਸਬਦੁ ਪਛਾਣਸੀ।।੪।।

(ਆਸਾ ਮ: ੧, ਪੰਨਾ ੪੨੨)

ਉਹੀ ਵੇਲਾ ਸਚ ਪਰਵਾਣ ਹੈ, ਜਦੋਂ ਸਬਦਿ ਨਾਲ ਸੰਜੋਗ ਜੁੜਿਆਂ ਨਾਮ ਰੂਪੀ ਸਚ ਨਾਲ ਰਤੇ ਹੋਏ ਗੁਰਮੁਖ ਜਨ ਦੀ ਸਦਾ ਹੀ ਸਚੀ ਅਤੇ ਨਿਰਮਲੀ ਸੋਭਾ ਹੁੰਦੀ ਹੈ। ਜੀਉਂਦੇ ਜੀ, ਏਸ ਦੁਨੀਆ ਵਿਚ ਉਹ ਘਰ ਘਰ ਅੰਦਰ ਉਘੇ ਹੋ ਜਾਂਦੇ ਹਨ ਤੇ ਅਗਲੀ ਦਰਗਾਹ ਵਿਚ ਜੁਗਾਂ ਪ੍ਰਯੰਤ ਪ੍ਰਗਟ-ਪਹਾਰੇ ਪੁੱਗੇ ਹੋਏ ਜਾਪਦੇ ਹਨ, ਜਿਹਾ ਕਿ ਗੁਰਵਾਕ ਹੈ :-

ਸਚੇ ਰਤੇ ਸੇ ਨਿਰਮਲੇ ਸਦਾ ਸਚੀ ਸੋਇ।।
ਐਥੈ ਘਰਿ ਘਰਿ ਜਾਪਦੇ ਆਗੈ
ਜੁਗਿ ਜੁਗਿ ਪਰਗਟੁ ਹੋਇ।।੧।।

(ਆਸਾ ਮਹਲਾ ੩, ਪੰਨਾ ੪੨੬)

ਨਾਮ ਰੂਪੀ ਖੇਤੀ ਜਿਨ੍ਹਾਂ ਨੇ ਵਾਹੀ ਬੀਜੀ ਅਤੇ ਕਮਾਈ ਹੈ, ਉਹਨਾਂ ਨੂੰ ਐਸਾ ਬੋਹਲ ਹੱਥ ਆ ਗਿਆ ਹੈ ਜੋ ਐਥੇ ਉਥੇ ਨਿਖੁਟਦਾ ਨਹੀਂ। ਉਹਨਾਂ ਦੇ ਸ਼ਾਂਤ ਸਹਿਜ ਸੁਖ ਦੀ ਹੱਟੀ ਸਦਾ ਖੁਲ੍ਹੀ ਰਹਿੰਦੀ ਹੈ। ਤੇ ਸਦਾ ਵਣਜ



www.AKJ.Org

ਵਪਾਰ ਹੁੰਦਾ ਰਹਿੰਦਾ ਹੈ। ਅਗਲੇ ਲੋਕ ਵਿਚ ਨਾਮ ਦੇ ਸ਼ਾਹ ਸਤਿਗੁਰੂ ਤੇ ਵਪਾਰੀ ਸਿਖ ਇਕੋ ਹੀ ਥਾਟ-ਮੰਡਲ ਵਿਚ ਵਸਣਹਾਰੇ ਹੋ ਜਾਂਦੇ ਹਨ।

ਨਾਮ ਦੇ ਵਣਜਾਰਿਆ ਨੂੰ ਅਗੇ ਜਾ ਕੇ ਨਾ ਕੋਈ ਡੰਨ ਭਰਨਾ ਹੁੰਦਾ ਹੈ, ਨਾ ਜਗਾਤ ਦੇਣੀ ਪੈਂਦੀ ਹੈ। ਸਤਿਗੁਰੂ ਨੇ ਧੁਰ ਦੀ ਛਾਪ ਮੋਹਰ ਤਿਨ੍ਹਾਂ 'ਤੇ ਲਾ ਦਿਤੀ ਹੁੰਦੀ ਹੈ, ਜਿਸ ਨੂੰ ਵੇਖ ਕੇ ਜਮ-ਜਾਗਾਤੀ ਤਿਨ੍ਹਾਂ ਦੇ ਨੇੜੇ ਨਹੀਂ ਆਉਂਦੇ। ਨਾਮ ਦਾ ਵਖਰ ਲੱਦ ਕੇ ਖੇਪ ਚਲਾਉਣਹਾਰੇ ਗੁਰ-ਜਨ ਸਚਾ ਲਾਹਾ ਲੈ ਕੇ, ਨਿਜ ਘਰ ਆਪਣੇ ਅਗਲੇ ਗੁਰ-ਦਰਗਾਹੀ ਘਰ ਵਿਚ ਉਜਲ ਮੁਖ ਹੋ ਕੇ ਜਾਂਦੇ ਹਨ। ਇਸ ਗੁਰਪੁਰੀ ਦੇ ਅਬਚਲ ਨਗਰ ਮਈ ਘਰ ਵਿਖੇ ਸੋ ਜਨ ਸਦਾ ਸਦਾ ਲਈ ਵਸਦੇ ਰਸਦੇ ਹਨ ਜਿਨ੍ਹਾਂ ਨੇ ਮਨੁੱਖਾ ਜਨਮ ਧਾਰ ਕੇ ਗੁਰ-ਦੀਖੀਆ ਲੈ, ਗੁਰਸ਼ਬਦ ਦੀ ਅਤੁਟ ਕਮਾਈ ਸਾਰੀ ਉਮਰ ਕੀਤੀ ਹੈ। ਇਥੇ ਇਨ੍ਹਾਂ ਲੋਕਾਂ ਦੀ ਕਮਾਈ ਦਾ ਅਗਲੇ ਲੋਕ ਵਿਚ ਇਹ ਫਲ ਮਿਲਦਾ ਹੈ ਕਿ ਉਨ੍ਹਾਂ ਦਾ ਸਦ ਸਦਾ ਲਈ ਇਸ ਉਪਰ ਦਸੇ ਘਰ ਵਿਚ ਵਾਸਾ ਹੋ ਜਾਂਦਾ ਹੈ। ਜੋ ਘਰ ਗੁਰੂ ਨਾਨਕ ਦੇਵ ਜੀ ਦੀ ਵਸਾਈ ਹੋਈ ਅਬਚਲ ਨਗਰੀ ਅਰਥਾਤ ਗੁਰਪੁਰੀ ਵਿਚ ਸਦੀਵ ਵਸਿਆ ਰਸਿਆ ਹੋਇਆ ਹੈ। ਯਥਾਂ ਗੁਰਵਾਕ :-

> ਨਾਮੁ ਖੇਤੀ ਬੀਜਹੁ ਭਾਈ ਮੀਤ।।
> ਸਉਦਾ ਕਰਹੁ ਗੁਰੁ ਸੇਵਹੁ ਨੀਤ।।੩।।
> ਸਾਂਤਿ ਸਹਜ ਸੁਖੁ ਕੇ ਸਭਿ ਹਾਟ।।
> ਸਾਹ ਵਾਪਾਰੀ ਏਕੈ ਥਾਟ।।੪।।
> ਜੇਜੀਆ ਡੰਨੁ ਕੋ ਲਏ ਨ ਜਗਾਤਿ ।।
> ਸਤਿਗੁਰਿ ਕਰਿ ਦੀਨੀ ਧੁਰ ਕੀ ਛਾਪ।।੫।।
> ਵਖਰੁ ਨਾਮੁ ਲਦਿ ਖੇਪ ਚਲਾਵਹੁ।।
> ਲੈ ਲਾਹਾ ਗੁਰਮੁਖਿ ਘਰਿ ਆਵਹੁ।।੬।।......
> ਸੋ ਵਸੈ ਇਤੁ ਘਰਿ ਜਿਸੁ ਗੁਰੁ ਪੂਰਾ ਸੇਵ।।
> ਅਬਿਚਲ ਨਗਰੀ ਨਾਨਕ ਦੇਵ।।੮।।੧।।
>
> (ਆਸਾ ਮਹਲਾ ੫, ਪੰਨਾ ੪੩੦)

ਜਿਨ੍ਹਾਂ ਨੇ ਹੁਕਮਾਂ ਸਿਰ ਸੱਚਾ ਹੁਕਮ ਨਾਮ ਮੰਨਿਆ, ਅਭਿਆਸ ਕਮਾਈ ਕਰ ਕੇ ਕਮਾਇਆ, ਤੋੜ ਨਿਭਾਇਆ ਹੈ, ਉਹ ਪਰਵਾਨ ਪਏ ਹਨ। ਇਸ ਬਿਧ ਪਰਵਾਨ ਪੈ ਕੇ ਹੀ ਸਚੇ ਵਾਹਿਗੁਰੂ ਰੂਪੀ ਖਸਮ ਦੇ ਮਹਲ ਨੂੰ ਜਾ ਪਰਾਪਤ ਹੋਂਦੇ ਹਨ। ਯਥਾ ਗੁਰਵਾਕ :-

> ਹੁਕਮਿ ਮੰਨਿਐ ਹੋਵੈ ਪਰਵਾਣੁ
> ਤਾ ਖਸਮੈ ਕਾ ਮਹਲੁ ਪਾਇਸੀ।।
> ਖਸਮੈ ਭਾਵੈ ਸੋ ਕਰੇ
> ਮਨਹੁ ਚਿੰਦਿਆ ਸੋ ਫਲੁ ਪਾਇਸੀ।।
>
> (ਆਸਾ ਦੀ ਵਾਰ, ਪੰਨਾ ੪੭੧)

ਹੋਇਆ ਨ ਸਚਾ ਮਹਿਲ ਖਸਮ ਦਾ ! ਇਸ ਗੁਰ ਦਰਸਾਈ ਖਸਮ ਮਹਲੀ ਹੋਂਦ ਤੋਂ ਕੌਣ ਮੁਨਕਰ ਹੋ ਸਕਦਾ ਹੈ। ਰਹੀ ਗੱਲ ਇਹ ਕਿ ਉਹ ਮਹਿਲ ਕੈਸਾ ਹੈ ? ਸੋ ਦੇਖਾ ਹੀ ਪਰਵਾਣ ਹੈ। ਮਹਿਲ ਦਾ ਮਹਿਲੀਂ ਪਹੁੰਚਿਆਂ ਹੀ ਪਤਾ ਲਗਦਾ ਹੈ ਕਿ ਉਹ ਮਹਿਲ ਕੈਸਾ ਹੈ। ਇਹ ਉਨ੍ਹਾਂ ਨੂੰ ਨਿਸਚੇ ਕਰ ਨਿਰੂਪਣ ਹੋਇਆ ਹੈ ਜਿਨ੍ਹਾਂ ਨੇ ਇਸ ਦੁਨੀਆਂ ਵਿਚ ਮਾਲਕ ਦੇ ਸਚੇ ਹੁਕਮ ਤੇ ਰਜ਼ਾ ਅੰਦਰ ਚਲ ਕੇ ਸਚੀ ਕਾਰ ਕਮਾਈ ਹੈ। ਤਾਂ ਜਾ ਕੇ ਉਨ੍ਹਾਂ ਨੇ ਇਹ ਖਸਮ-ਮਹਿਲੀ ਪੁਗ ਖਲੋਣ ਦਾ ਸਚਾ ਫਲ-ਮਨੋਰਥ ਪਾਇਆ ਹੈ। ਅਗਲਾ ਗੁਰਵਾਕ ਦਸਦਾ ਹੈ ਕਿ ਅਗੇ ਜਾ ਕੇ ਸੋ ਕੁਝ ਮਿਲਦਾ ਹੈ ਜਿਸ ਦੇ ਖਟ ਘਾਲਣ ਦੀ ਸਚੀ ਕਮਾਈ ਇਥੇ ਕੀਤੀ ਹੋਈ ਹੁੰਦੀ ਹੈ । ਯਥਾ ਗੁਰਵਾਕ :-

> ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ।।
>
> (ਪੰਨਾ ੪੭੨)

ਇਸ ਵਾਕ ਵਿਚ ਪਤ-ਪ੍ਰਤੀਤ ਕਰਕੇ ਅੱਗਾ ਦਰਸਾਇਆ ਗਿਆ ਹੈ। ਜੋ ਅਜੇ ਵੀ ਪ੍ਰਤੀਤ ਨ ਆਵੇ ਤਾਂ ਫਿਰ ਕੀ ਇਲਾਜ ਹੈ ?

ਅਗਲੇ ਗੁਰਵਾਕ ਅੰਦਰ ਗੁਰੂ ਸਾਹਿਬ ਨਿਰਣੇ ਕਰਦੇ ਹਨ ਕਿ ਜਿਸ ਜਿਸ ਮੁਖ ਦੁਆਰਾ ਵਾਹਿਗੁਰੂ ਨਾਮ ਜਪਿਆ ਸਾਲਾਹਿਆ ਜਾਂਦਾ ਹੈ, ਸੋ ਮੁਖ ਉਸ ਸਚੇ ਦੇ ਦਰਬਾਰ ਵਿਚ ਉਜਲੇ ਹੁੰਦੇ ਹਨ, ਤਿਨ੍ਹਾਂ ਨੂੰ ਐਸੇ ਰੰਗ ਭਾਗ ਲਗੇ ਹਨ ਕਿ ਉਹ ਮੁਖ ਲਾਲੋ ਲਾਲ ਨਾਮ ਰੱਤੇ ਅਤਿ ਸੋਹਣੇ ਸੁੰਦਰ ਹੋ ਗਏ ਹਨ। ਐਸੀ ਸੁੰਦਰਤਾ ਤਿਨ੍ਹਾਂ ਮੁਖਾਂ ਤੋਂ ਝਲਕਦੀ ਹੈ ਕਿ ਉਨ੍ਹਾਂ ਦੀ ਤਾਬ-ਝਲਕ ਝਲੀ ਨਹੀਂ ਜਾਂਦੀ। ਯਥਾ ਗੁਰਵਾਕ :-

> ਜਿਤੁ ਮੁਖਿ ਸਦਾ ਸਾਲਾਹੀਐ ਭਾਗਾ ਰਤੀ ਚਾਰਿ।।
> ਨਾਨਕ ਤੇ ਮੁਖ ਊਜਲੇ ਤਿਤੁ ਸਚੈ ਦਰਬਾਰਿ।।੨।।
>
> (ਪੰਨਾ ੪੭੩)

ਹੋ ਗਿਆ ਨ ਸਿਧ ਸਚੇ ਦਾ ਦਰਬਾਰ, ਜੋ ਅਗੇ ਪਰਲੋਕ ਵਿਚ ਸੁਭਾਇਮਾਨ ਹੈ। ਪਰ ਤਿਸ ਦਰਬਾਰ ਦੀ ਸੋਭਾ ਸੋਈ ਜਾਣ ਸਕਦੇ ਹਨ ਜਿਨ੍ਹਾਂ ਨੇ ਦਰਸਾਰ ਝਲਕਾਰ ਇਸ ਦਰਬਾਰ ਦਾ ਪੇਖਿਆ ਹੈ। ਉਹ ਜਾਣਦੇ ਹਨ ਪਰ ਜਣਾਇ ਨਹੀਂ ਸਕਦੇ, ਨਾ ਹੀ ਦੱਸਣ-ਦਸਾਣ ਜਨਾਉਣ-ਲਖਾਉਣ ਦਾ ਉਨ੍ਹਾਂ ਨੂੰ ਹੁਕਮ ਹੈ।



www.AKJ.Org

ਗੁਰਸਿੱਖਾਂ ਪ੍ਰਤਿ ਸਪੱਸ਼ਟ ਉਪਦੇਸ਼ ਹੈ ਕਿ ਸੰਸਾਰ ਵਿਚ ਰਹਿ ਕੇ ਐਸੀ ਰਹਿਣੀ ਮਈ ਖੇਡ ਨ ਖੇਡੀਏ ਜਿਸ ਕਰਕੇ ਅਗੇ ਦਰਗਾਹ ਵਿਚ ਜਾ ਕੇ ਹਾਰ ਆਵੇ। ਯਥਾ ਗੁਰਵਾਕ :-

ਐਸੀ ਕਲਾ ਨ ਖੇਡੀਐ
ਜਿਤੁ ਦਰਗਹ ਗਇਆ ਹਾਰੀਐ।। (ਪੰਨਾ ੪੬੯)

ਇਹ ਗੁਰਵਾਕ ਸਾਫ਼ ਦਸਦਾ ਹੈ ਕਿ ਐਥੋਂ ਚਲ ਕੇ (ਸਰੀਰ ਛੱਡਣ ਤੋਂ ਪਿਛੋਂ) ਜੀਵ ਨੂੰ ਅਗੇ ਐਸੀ ਦਰਗਹ ਵਿਚ ਪਹੁੰਚਣਾ ਪੈਂਦਾ ਹੈ ਜਿਥੇ ਉਸ ਦੇ ਕੀਤੇ ਕਰਮਾਂ ਦਾ ਜ਼ਰੂਰ ਨਿਬੇੜਾ ਹੋਣਾ ਹੈ। ਦਰਗਾਹ ਜਾ ਕੇ ਹਾਰ ਦਿਵਾਉਣ ਵਾਲੇ ਪਰੰਪਚ-ਕਰਮਾਂ ਤੋਂ ਇਸੇ ਕਰਕੇ ਹੋੜਿਆ ਗਿਆ ਹੈ ਤਾਂ ਕਿ ਅਗੇ ਜਾ ਕੇ ਹਾਰਨਾ ਨਾ ਪਵੇ। ਜਿਹੜੇ ਐਵੇਂ ਅੱਖਾਂ ਮੀਚ ਕੇ ਅਵੇਸਲੇ ਹੋ ਕੇ ਇਉਂ ਕਹਿ ਛਡਦੇ ਹਨ ਕਿ ਅੱਗਾ ਕਿਸੇ ਨੇ ਡਿੱਠਾ ਹੈ ? ਉਨ੍ਹਾਂ ਦੇ ਮੂੰਹ ਤੇ ਇਹ ਚਪੇੜ ਬੜੀ ਕਰਾਰੀ ਲਗਦੀ ਹੈ ਜੋ ਉਨ੍ਹਾਂ ਮਦਹੋਸ਼ਾਂ ਨੂੰ ਹੋਸ਼ ਅੰਦਰ ਰਾਜੇ ਰਾਉ ਸਿਕਦਾਰ ਸਰਦਾਰ ਆਦਿਕ ਹਾਕਮਾਂ ਦੇ ਅਹੁਦੇ ਪਾ ਕੇ ਮਨ-ਭਾਉਂਦੇ ਹੁਕਮ ਚਲਾਉਂਦੇ ਹਨ, ਧੀਂਗੋ-ਜ਼ੋਰੀਆਂ ਕਰਦੇ ਹਨ, ਜਬਰ ਜ਼ੁਲਮ ਕਰਦੇ ਡਰਦੇ ਨਹੀਂ, ਸਗੋਂ ਨਿਰਭੈ ਹੋ ਕੇ ਅਤਿਆਚਾਰ ਕਰਦੇ ਹਨ, ਮਤ ਉਹ ਅਵੇਸਲੇ ਰਹਿਣ, ਉਹਨਾਂ ਨੂੰ ਅਗੇ ਜਾ ਕੇ ਰਾਹ ਭੀੜੇ ਵਿਚਦੀ ਜ਼ਰੂਰ ਲੰਘਣਾ ਪਊ ਤੇ ਨੱਗਮ-ਨੰਗੇ ਹੋ ਕੇ, ਡਰਾਉਣੀ ਸ਼ਕਲ ਸ਼ਕਲਾਇਦੇ, ਦੋਜ਼ਖਾਂ ਵਿਚ ਜਾਣਾ ਪਊ। ਯਥਾ ਗੁਰਵਾਕ:-

ਹੁਕਮ ਕੀਏ ਮਨਿ ਭਾਵਦੇ ਰਾਹਿ ਭੀੜੈ ਅਗੈ ਜਾਵਣਾ।।
ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ।।
(ਪੰਨਾ ੪੭੧)

ਇਸ ਗੁਰਵਾਕ ਅੰਦਰ ਦੋਜ਼ਖ ਨਰਕ ਵਿਚ ਪੈਣ ਦਾ ਵੀ ਸਾਫ ਇਸ਼ਾਰਾ ਹੈ ਇਸ ਵਿਚ ਰਤਾ ਸੰਦੇਹ ਨਹੀਂ ਕਿ ਅੱਗੇ ਦਰਗਾਹ ਗਿਆਂ ਲੇਖਾ ਜ਼ਰੂਰ ਲਿਆ ਜਾਣਾ ਹੈ ਤੇ ਘਾਣੀ ਵਿਚ ਐਉਂ ਪੀੜਿਆ ਜਾਣਾ ਹੈ ਜਿਵੇਂ ਤਿਲ ਕੋਹਲੂ ਵਿਚ ਪੀੜੇ ਜਾਂਦੇ ਹਨ।

ਦਰਿ ਲਏ ਲੇਖਾ ਪੀੜਿ ਛੁਟੈ ਨਾਨਕਾ ਜਿਉ ਤੇਲੁ।।
(ਪੰਨਾ ੪੭੩)

ਅਗਲੇ ਦਰ ਘਰ ਦੀਆਂ ਖ਼ਬਰਾਂ ਵਾਲੇ ਗੁਰੂ ਨਾਨਕ ਸਾਹਿਬ ਉਪਰ ਦਸੀ ਫ਼ੁਰਮਾਉਣੀ ਫ਼ੁਰਮਾਉਂਦੇ ਹਨ, ਜੋ ਇੰਨ ਬਿੰਨ ਸਚ ਹੈ।

ਜੋ ਸਚੇ ਪਿਤਾ ਵਾਹਿਗੁਰੂ ਨੂੰ ਇਕ ਨਿਮਖ ਵੀ ਨਹੀਂ ਵਿਸਾਰਦੇ, ਉਹ ਅਗੇ ਗਿਆਂ ਬਾਜੀ ਨਹੀਂ ਹਾਰਦੇ :-

ਤਿਸੁ ਬਾਪ ਕਉ ਕਿਉ ਮਨਹੁ ਵਿਸਾਰੀ।।
ਆਗੈ ਗਇਆ ਨ ਬਾਜੀ ਹਾਰੀ।।੧।।
(ਆਸਾ ਕਬੀਰ ਜੀ, ੪੭੬)

ਅੱਗਾ ਤੇ ਅਗਲੀ ਦਰਗਾਹ ਸਿੱਧ ਕਰਨ ਲਈ ਇਸ ਤੋਂ ਵਧੇਰੇ ਹੋਰ ਕੀ ਲਿਖਿਆ ਜਾਏ, ਜਿਨ੍ਹਾਂ ਦੀ ਤਸੱਲੀ ਹੋ ਜਾਣੀ ਹੈ ਸੋ ਏਤਨੇ ਵਿਚ ਹੀ ਹੋ ਜਾਣੀ ਹੈ। ਜਿਨ੍ਹਾਂ ਨੂੰ ਤਸੱਲੀ ਨਹੀਂ ਹੋਣੀ ਉਨ੍ਹਾਂ ਦੀ ਕਦੇ ਭੀ ਨਹੀਂ ਹੋਣੀ। ਸੋ ਇਸ ਵਿਸ਼ੇ ਪ੍ਰਥਾਇ ਏਥੇ ਹੀ ਬੱਸ ਕੀਤੀ ਜਾਂਦੀ ਹੈ। (ਅਣਡਿੱਠੀ ਦੁਨੀਆਂ ਪੁਸਤਕ ਵਿਚੋਂ)

---

(ਪੰਨਾ ੨ ਦਾ ਬਾਕੀ ....)

ਕੀ ਸੁਮਤੀ ਦੇ ਸਕਦੇ ਹੋ ? ਹੋਰਾਂ ਨੂੰ ਤੁਸੀਂ ਅੰਧੇ ਗਿਆਨੀ ਕੀ ਗਿਆਨ ਬੁਝਾ ਸਕਦੇ ਹੋ ? ਐਵੇਂ ਕਰਮ-ਹੀਣ ਧਰਮ-ਹੀਣ, ਮਨ-ਹੀਣ, ਗਿਆਨ-ਹੀਣ ਚੁੰਚ ਗਿਆਨੀ ਪੰਡਿਤ ਬਣਾ ਕੈ ਅਤੇ ਇਸ ਚੁੰਚ ਗਿਆਨ ਵਾਲੀ ਬਾਦ-ਬਿਦਿਆਵੀ ਕਥਾ ਕਰਿ ਕਰਿ ਤੁਸੀਂ ਐਵੇਂ ਬਪੁੜੀ ਮਾਇਆ ਦੇ ਕਾਰਨ ਆਪਣੀ ਵਿਦਿਆ ਨੂੰ ਵੇਚਦੇ ਹੋ, ਜਿਸ ਕਰਕੇ ਤੁਸਾਡਾ ਮਾਨੁਖਾ ਜਨਮ ਐਵੇਂ ਬਿਰਥਾ ਹੀ ਜਾਵੇਗਾ। ਨਾਰਦ ਮੁਨੀ ਤੋਂ ਲੈ ਕੇ ਬਿਆਸ ਸੁਕਦੇਵ ਆਦਿਕ ਇਹੀ ਸਾਖਾ ਭਰਦੇ ਹਨ ਕਿ ਹਿੰਸਾ ਆਦਿ ਕਰਮ ਸਭ ਅਧਰਮ ਅਨਿਆਇ ਰੂਪ ਕਰਮ ਹਨ। ਕਰਨੇ ਉਚਿਤ ਨਹੀਂ। ਤਾਂ ਤੇ ਕਬੀਰ ਸਾਹਿਬ ਫ਼ੁਰਮਾਉਂਦੇ ਹਨ ਕਿ ਸਰਬੱਤਰ ਰਮੇ ਹੋਏ ਰਾਮ ਦੇ ਨਾਮ ਦਾ ਸਿਮਰਨ ਕਰਕੇ ਪ੍ਰਾਣੀ ਦਾ ਛੁਟਕਾਰਾ ਨਿਸਤਾਰਾ ਹੈ। ਹਿੰਸਾ ਆਦਿ ਜੀਵਾਂ ਨੂੰ ਬਧ ਕਰਨ ਵਾਲੇ ਕਰਮ ਸਭ ਰਸਾਤਲ ਨੂੰ ਹੀ ਲੈ ਜਾ ਕੇ ਡੋਬਣ ਵਾਲੇ ਹਨ। ਇਸ ਗੁਰਵਾਕ ਅੰਦਰਿ ਵਾਮ-ਮਾਰਗੀਆਂ ਨੇ ਬੇਦਾਂ ਵਿਚੋਂ ਸਿਖਿਆ ਲੈ ਕੇ ਇਹ ਤੱਤ ਕਢਿਆ ਹੈ ਕਿ ਮੁਦ੍ਰਾ, ਮਦਰਾ ਮੈਥਨ ਮਾਸ, ਮੱਛੀ ਇਹਨਾਂ ਪੰਜਾਂ ਮਕਾਰਾਂ ਵਾਲੇ ਕਰਮਾਂ ਦਾ ਕਰਨਹਾਰਾ ਹੋਣ ਕਰਿ ਹੀ ਪ੍ਰਾਣੀ ਦੀ ਕਲਿਆਣ ਹੁੰਦੀ ਹੈ। ਅਜਿਹੇ ਵਾਮ-ਮਾਰਗੀ ਵੇਦ ਪੜ੍ਹੇ ਪੰਡਤਾਂ ਨੂੰ ਕਬੀਰ ਸਾਹਿਬ ਉਪਰ ਵਾਲਾ ਉਪਦੇਸ਼ ਦ੍ਰਿੜਾਇ ਕੇ ਸੁਮਤੇ ਲਾਉਂਦੇ ਹਨ ਅਤੇ ਦਸਦੇ ਹਨ ਕਿ ਜੀਵਾਂ ਨੂੰ ਬਧ ਕਰਨ ਆਦਿਕ ਵਾਮ-ਮਾਰਗੀ ਕਰਮ ਨੂੰ ਕੀਤਿਆਂ ਅਵੱਸ਼ ਭਵ-ਸਾਗਰ ਵਿਚਿ ਡੁਬੀਦਾ ਹੈ ਜਿਥੋਂ ਤਰਨਾ ਅਤਿ ਦੁਹੇਲਾ ਹੋ ਜਾਂਦਾ ਹੈ। ▪▪▪▪▪▪



www.AKJ.Org

# ਪੋਥੀ ਪਰਮੇਸਰੁ ਕਾ ਥਾਨ

ਡਾ: ਕੁਲਦੀਪ ਕੌਰ 964, ਫੇਜ਼ XI ਸ. ਅ. ਸ. ਨਗਰ (ਮੋਹਾਲੀ)

ਸ੍ਰੀ ਗੁਰੂ ਨਾਨਕ ਦੇਵ ਜੀ ਪਾਰਬ੍ਰਹਮ ਪਰਮੇਸਰ ਦੀ ਜੋਤ ਨਾਲ ਅੰਤਹਕਰਣ ਨੂੰ ਪ੍ਰਜਵਲਿਤ ਕਰ, ਨਾਮ ਅੰਮ੍ਰਿਤ ਦਾ ਪਿਆਲਾ ਪੀ, ਗੁਰੂ ਪਦ ਨਾਲ ਸੁਸ਼ੋਭਿਤ ਹੋ ਸੰਸਾਰ ਵਿਚ ਆਏ ਅਤੇ ਕੁਰਾਹੇ ਪਈ ਲੁਕਾਈ ਨੂੰ ਸੋਧਣ ਦਾ ਕਾਰਜ ਆਰੰਭ ਦਿੱਤਾ। ਆਪ ਦਾ ਪੰਚ ਭੌਤਿਕ ਸਰੀਰ ਤਾਂ ਇਕ ਵਾਹਨ ਸੀ 'ਸ਼ਬਦ ਗੁਰੂ ' ਨੂੰ ਪ੍ਰਕਾਸ਼ ਮਾਨ ਕਰਨ ਦਾ। ਸ਼ਬਦ ਪ੍ਰਗਟ ਹੋਇਆ 'ਧੁਰ ਕੀ ਬਾਣੀ' ਦੇ ਰੂਪ ਵਿਚ, ਜੋ ਸਗਲੀ ਚਿੰਤ ਮਿਟਾਵਣ ਦੀ ਸ਼ਕਤੀ ਰੱਖਦੀ ਹੈ। ਨਾਮ ਦੇ ਪਿਆਲੇ ਦੀ ਇਕ ਇਕ ਬੂੰਦ ਨਾਲ ਮਾਰੂਥਲ ਵਰਗੇ ਹਿਰਦਿਆਂ ਵਿਚ ਸਿੰਜਾਈ ਕਰਕੇ ਨਾਮ-ਖੇਤੀ ਦੀ ਭਰਪੂਰ ਫ਼ਸਲ ਉਗਾਈ ਜਾਣੀ ਸੀ। ਆਪਨੇ ਰਬਾਬੀ ਮਰਦਾਨੇ ਨੂੰ ਆਪਣਾ ਸਾਥੀ ਬਣਾਇਆ। ਜਦੋਂ ਅਕਾਲੀ ਬਾਣੀ ਦਾ ਆਵੇਸ਼ ਹੁੰਦਾ, ਮਰਦਾਨੇ ਦੀ ਰਬਾਬ ਵੱਜਦੀ, ਬਾਬੇ ਨਾਨਕ ਦੀ ਰਸਨਾ ਤੋਂ ਬਾਣੀ ਦਾ ਗਾਇਨ ਹੁੰਦਾ। ਸਾਰੀ ਕੁਦਰਤ, ਸਣੇ ਜੀਵਾਂ ਜੰਤੂਆਂ ਦੇ, ਅਨੋਖੇ ਵਿਸਮਾਦ ਵਿਚ ਝੂਮ ਉੱਠਦੀ। ਕੋਈ ਦੈਵੀ ਸੂਰਜ ਨਵਜੀਵਨ ਦੀਆਂ ਰਿਸ਼ਮਾ ਖਿਲਾਰਦਾ, ਅਰਸ਼ੀ ਜੋਤ ਦੀ ਚਮਕ ਨਾਲ ਮਾਨਵ ਜਾਤੀ ਨੂੰ ਰੁਸ਼ਨਾਉਣ ਲੱਗਦਾ। ਬਾਣੀ ਕੀ ਆਈ: ਪਾਰਬ੍ਰਹਮ ਦੀ ਅਗੰਮੀ ਸ਼ਕਤੀ ਮਨਾਂ ਵਿਚ ਪ੍ਰਵੇਸ਼ ਕਰਨ ਲੱਗੀ। ਜੋ ਬਾਣੀ ਗਾਈ ਜਾਂਦੀ, ਉਸ ਨੂੰ ਲਿਖਤੀ ਰੂਪ ਦੇ ਕੇ ਸੰਭਾਲ ਲਿਆ ਜਾਂਦਾ। ਚੰਹੁ ਕੂੰਟਾਂ ਵਿਚ ਕੀਰਤਨ ਦੀ ਧੁਨੀ ਗੂੰਜੀ, ਬਾਣੀ ਦਾ ਭੰਡਾਰ ਭਰਦਾ ਰਿਹਾ। ਪੋਥੀ ਤਿਆਰ ਹੁੰਦੀ ਗਈ, ਜਿਸ ਨੂੰ ਪਰਮਾਤਮ ਰੂਪ ਹੋਣ ਕਰਕੇ ਬਾਬੇ ਨੇ ਜਿੰਦ ਜਾਨ ਨਾਲੋਂ ਵੱਧ ਪ੍ਰੇਮ ਨਾਲ ਸੰਭਾਲਿਆ। ਬਾਬੇ ਨੇ 'ਉਦਾਸੀ ਦੀ ਰੀਤ ਚਲਾਈ' ਤਾਂ ਸ਼ਬਦ ਦੀ, ਬਾਣੀ ਦੀ ਵਿਸ਼ੇਸ਼ਤਾ ਹੀ ਦਰਸਾਉਂਦੇ ਰਹੇ। ਸਿੱਧਾਂ ਨੂੰ ਆਪਨੇ ਸਮਝਾਇਆ :

ਗੁਰ ਸੰਗਤਿ ਬਾਣੀ ਬਿਨਾ ਦੂਜੀ ਓਟ ਨਹੀ ਹੈ ਰਾਈ।

ਭਾ: ਗੁਰਦਾਸ ਜੀ, ਵਾਰ ੧, ਪਉੜੀ ੪੨)

ਸਿੱਧਾਂ ਨੇ ਜਦੋਂ ਆਪਦੀ ਪਰੀਖਿਆ ਲਈ ਤਾਂ ਆਪਨੇ-

ਸਬਦਿ ਜਿਤੀ ਸਿਧਿ ਮੰਡਲੀ<br>
ਕੀਤੋਸੁ ਅਪਣਾ ਪੰਥ ਨਿਰਾਲਾ।।

ਭਾ: ਗੁਰਦਾਸ ਜੀ, ਵਾਰ ੧, ਪਉੜੀ ੩੧)

ਪੋਥੀ ਨੂੰ ਆਪ ਸਦਾ ਨਾਲ ਰਖਦੇ। ਜਦੋਂ ਆਪ ਮੱਕੇ ਗਏ ਤਾਂ ਆਸਾ ਹਥਿ ਕਿਤਾਬ ਕਛਿ ਕੂਜਾ ਬਾਂਗ ਮੁਸੱਲਾ ਧਾਰੀ।

ਭਾ: ਗੁਰਦਾਸ ਜੀ, ਵਾਰ ੧, ਪਉੜੀ ੩੨)

ਪੋਥੀ ਨੂੰ ਵੇਖ ਕੇ ਹੀ ਮੁੱਲਾਂ ਕਾਜ਼ੀਆਂ ਨੇ ਪ੍ਰਸ਼ਨ ਕੀਤਾ ਸੀ-

ਪੁਛਨਿ ਫੋਲਿ ਕਿਤਾਬ ਨੋ ਹਿੰਦੂ ਵਡਾ ਕਿ ਮੁਸਲਮਾਨੋਈ।

ਭਾ: ਗੁਰਦਾਸ ਜੀ, ਵਾਰ ੧, ਪਉੜੀ ੩੩)

ਬਾਣੀ ਦੇ ਗਾਇਨ ਦਾ ਹੀ ਸਿੱਟਾ ਸੀ ਕਿ

ਜਿਥੇ ਬਾਬਾ ਪੈਰ ਧਰਿ ਪੂਜਾ ਆਸਣੁ ਥਾਪਣਿ ਸੋਆ।

---

ਘਰਿ ਘਰਿ ਅੰਦਰਿ ਧਰਮ ਸਾਲ ਹੋਵੈ ਕੀਰਤਨ ਸਦਾ ਵਿਸੋਆ।

ਭਾ: ਗੁਰਦਾਸ ਜੀ, ਵਾਰ ੧, ਪਉੜੀ ੨੭)

ਜਦੋਂ *'ਅਪਰੰਪਰ ਪਾਰਬ੍ਰਹਮ ਪਰਮੇਸ਼ਰ ਨਾਨਕ ਗੁਰਮਿਲਿਆ ਸੋਈ ਜੀਉ।'* ਤਾਂ ਪਰਮੇਸ਼ਰ ਦੀ ਸ਼ਬਦ-ਜੋਤ ਨੇ ਗੁਰੂ ਦੀ ਦੇਹ ਅੰਦਰ ਪ੍ਰਵੇਸ਼ ਕੀਤਾ ਸੀ। ਜਦੋਂ ਗੁਰੂ ਜੋਤ ਇਕ ਮਹਲ ਤੋਂ ਦੂਸਰੇ ਮਹਲ ਵਿਚ ਪ੍ਰਵੇਸ਼ ਕਰਦੀ ਤਾਂ ਸ਼ਬਦ ਦੀ ਸੁਰਤ ਦਾ ਟਿਕਾਣਾ ਹੀ ਬਦਲਦਾ ਸੀ। ਸਰੀਰ ਬਦਲੀ ਨਾਲ ਗੁਰੂ ਦੀ ਅਜ਼ਮਤ ਵਿੱਚ ਕੋਈ ਅੰਤਰ ਨਹੀਂ ਸੀ ਆਉਂਦਾ ਸ਼ੰਭੂ ਨਾਥ ਵਾੜੀ ਜਨਮਪੱਤਰੀ ਵਿਚ ਲਿਖਿਆ ਹੈ ਕਿ ਗੁਰੂ ਨਾਨਕ ਤੋਂ ਪਿਛੋਂ ਦੀ ਅਜ਼ਮਤ ਅਤੇ ਸ਼ਬਦ ਦੀ ਸੁਰਤ ਕਾ ਵਾਸਾ ਗੁਰੂ ਅੰਗਦ ਵਿਚ ਹੋ ਗਿਆ। ਇਹ ਤਾਂ ਗੁਰੂ ਜੋਤ ਦੀ ਅਦ੍ਰਿਸ਼ਟ ਸਥਾਨ ਬਦਲੀ ਸੀ। ਸੰਗਤਾਂ ਦੇ ਸਨਮੁਖ ਗੁਰੂ ਵੱਲੋਂ ਸੰਭਾਵੀ ਗੁਰੂ ਨੂੰ ਸ਼ਬਦ ਦੀ ਥਾਪਨਾ ਦੇ ਨਾਲ 'ਪੋਥੀ' ਦੀ ਬਖਸ਼ਿਸ਼ ਕੀਤੀ ਜਾਂਦੀ ਸੀ। ਪੋਥੀ ਚਿੰਨ੍ਹ ਸੀ ਗੁਰਿਆਈ ਦਾ। ਜਿਸ ਨੂੰ ਪੋਥੀ ਦੀ ਸੌਂਪਣੀ ਹੁੰਦੀ ਉਹ ਗੁਰੂ ਪਦ ਦਾ ਅਧਿਕਾਰੀ ਬਣਦਾ। ਪੋਥੀ ਬਾਣੀ ਦਾ ਸੰਗ੍ਰਹਿ, ਬਾਣੀ ਸ਼ਬਦ ਰੂਪ, ਬਾਣੀ ਵਿਚ ਹੀ ਨਾਮ ਦਾ ਵਾਸਾ, ਬਾਣੀ, ਸ਼ਬਦ ਨਾਮ ਤਿਨੇ ਇਕ ਰੂਪ ਹਨ। ਇਕ ਤੋਂ ਬਿਨਾ ਦੂਜੇ ਦੀ ਕਲਪਨਾ ਸੰਭਵ ਨਹੀਂ। ਗੁਰੂ ਦੀ ਰਸਨਾ ਤੋਂ ਉਚਰੇ ਬਚਨ, ਨਾਮ ਸ਼ਬਦ ਵਿਚ ਰੰਗੇ, ਅੰਤਰਾਤਮੇ ਆਵੇਸ਼ਤ ਬਾਣੀ ਨੂੰ ਅੱਖਰੀ ਜਾਮਾ ਪਹਿਨਾਉਣ ਦਾ ਸਾਧਨ ਬਣੇ। ਗੁਰ ਪਰਮੇਸ਼ਰ ਬਾਣੀ ਦੇ ਰੂਪ ਵਿਚ ਸੰਸਾਰ ਦੇ ਸਾਮ੍ਹਣੇ ਸਾਕਾਰ ਹੋਇਆ :-

ਅੰਮ੍ਰਿਤ ਬਾਣੀ ਹਰਿ ਹਰਿ ਤੇਰੀ।।<br>
ਸੁਣਿ ਸੁਣਿ ਹੋਵੈ ਪਰਮ ਗਤਿ ਮੇਰੀ।।<br>
ਜਲਨਿ ਬੁਝੀ ਸੀਤਲੁ ਹੋਇ ਮਨੂਆ।।<br>
ਸਤਿਗੁਰ ਕਾ ਦਰਸਨੁ ਪਾਏ ਜੀਉ।।

(ਪੰਨਾ-੧੦੩)



www.AKJ.Org

ਸਤਿਗੁਰ ਕੀ ਜਿਸਨੋ ਮਤਿ ਆਵੈ
ਸੋ ਸਤਿਗੁਰ ਮਾਹਿ ਸਮਾਨਾ।।
ਇਹ ਬਾਣੀ ਜੋ ਜੀਅਹੁ ਜਾਣੈ
ਤਿਸੁ ਅੰਤਰਿ ਰਵੈ ਹਰਿ ਨਾਮਾ।।

(ਪੰਨਾ-੭੯੭)

ਰਤਨਾ ਰਤਨ ਪਦਾਰਥ ਬਹੁ ਸਾਗਰੁ ਭਰਿਆ ਰਾਮ।।
ਬਾਣੀ ਗੁਰਬਾਣੀ ਲਾਗੇ ਤਿਨ ਹਥਿ ਚੜਿਆ ਰਾਮ।।

(ਪੰਨਾ- ੪੪੨)

ਪ੍ਰਭ ਬਾਣੀ ਸਬਦੁ ਸੁਭਾਖਿਆ।।
ਗਾਵਹੁ ਸੁਣਹੁ ਪੜਹੁ ਨਿਤ ਭਾਈ
ਗੁਰ ਪੂਰੈ ਤੂ ਰਾਖਿਆ।।

(ਪੰਨਾ-੬੧੧)

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਾਵਨ ਬਚਨ, ਬਾਣੀ ਦੇ ਦੈਵੀ ਸਰੂਪ ਨੂੰ ਸਪਸ਼ਟ ਦ੍ਰਿਸ਼ਟਾਉਂਦੇ ਹਨ :-

ਜੈਸੀ ਮੈ ਆਵੈ ਖਸਮ ਕੀ ਬਾਣੀ
ਤੈਸੜਾ ਕਰੀ ਗਿਆਨ ਵੇ ਲਾਲੋ।।

(ਪੰਨਾ-੭੨੨)

ਸਚੁ ਕੀ ਬਾਣੀ ਨਾਨਕੁ ਆਖੈ
ਸਚੁ ਸੁਣਾਇਸੀ ਸਚ ਕੀ ਬੇਲਾ।।

(ਪੰਨਾ-੭੨੩)

ਸ੍ਰੀ ਗੁਰੂ ਰਾਮ ਦਾਸ ਜੀ ਨੇ ਬਾਣੀ ਦੇ ਗੁਰੂ ਰੂਪ ਨੂੰ ਸਪਸ਼ਟ ਤੇ ਸਰਲ ਸ਼ਬਦਾਂ ਵਿਚ ਇਸ ਤਰ੍ਹਾਂ ਵਰਣਨ ਕੀਤਾ ਹੈ :-

ਬਾਣੀ ਗੁਰੂ ਗੁਰੂ ਹੈ ਬਾਣੀ
ਵਿਚਿ ਬਾਣੀ ਅੰਮ੍ਰਿਤੁ ਸਾਰੇ।।
ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ
ਪਰਤਖਿ ਗੁਰੂ ਨਿਸਤਾਰੇ।।

(ਪੰਨਾ-੯੮੨)

ਗੁਰੂ ਪ੍ਰੇਮ ਵਿਚ ਸਰਸ਼ਾਰ ਪਾਤਸ਼ਾਹ ਆਪਣੇ ਹਿਰਦੇ ਦੀ ਤਾਂਘ ਨੂੰ ਇਸ ਤਰ੍ਹਾਂ ਪ੍ਰਗਟਾਉਂਦੇ ਹਨ :-

ਮੈ ਸਤਿਗੁਰ ਸੇਤੀ ਪਿਰਹੜੀ
ਕਿਉ ਗੁਰ ਬਿਨੁ ਜੀਵਾ ਮਾਉ।।
ਮੈ ਗੁਰਬਾਣੀ ਆਧਾਰੁ ਹੈ
ਗੁਰ ਬਾਣੀ ਲਾਗਿ ਰਹਾਉ।। (ਪੰਨਾ -੭੫੯)

ਬਾਬਾ ਅਮਰਦਾਸ ਜੀ ਨੇ ਬਾਣੀ ਸੁਣੀ, ਖਿੱਚ ਖਾਧੀ, ਬਾਣੀ ਸਾਗਰ ਗੁਰੂ ਦੇ ਸਾਖਿਆਤ ਦਰਸ਼ਨ ਕੀਤੇ, ਬਾਣੀ ਨੂੰ ਹੱਡੀ ਹੰਢਾਇਆ, ਜੀਵਨ ਦਾ ਅੰਗ ਬਣਾਇਆ, ਬਾਣੀ ਦਾ ਹੁਕਮ ਮੰਨਕੇ ਗੁਰ ਸੇਵਾ ਦੀਆਂ ਹੱਦਾਂ ਉਲੰਘ ਗੁਰੂ ਦਾ ਰੂਪ ਹੀ ਹੋ ਗਏ। ਅੰਦਰ ਰੁਸ਼ਨਾਈ ਹੋਈ ਤਾਂ ਆਪ ਪੁਕਾਰ ਉੱਠੇ :-

ਵਾਹੁ ਵਾਹੁ ਬਾਣੀ ਸਚੁ ਹੈ,
ਸਚਿ ਮਿਲਾਵਾ ਹੋਇ।।
ਨਾਨਕ ਵਾਹੁ ਵਾਹੁ ਕਰਤਿਆਂ ਪ੍ਰਭ ਪਾਇਆ,
ਕਰਮਿ ਪਰਾਪਤਿ ਹੋਇ।।

(ਪੰਨਾ-੫੧੪)

ਵਾਹੁ ਵਾਹੁ ਬਾਣੀ ਸਚੁ ਹੈ, ਗੁਰਮੁਖਿ ਲਧੀ ਭਾਲਿ।।
ਵਾਹੁ ਵਾਹੁ ਸਬਦੇ ਉਚਰੈ, ਵਾਹੁ ਵਾਹੁ ਹਿਰਦੈ ਨਾਲਿ।।

(ਪੰਨਾ-੫੧੪)

ਬਾਣੀ ਸਚੁ ਹੈ। ਇਹ ਆਦਿ, ਜੁਗਾਦਿ, ਹੈਭੀ ਤੇ ਹੋਸੀ ਭੀ ਸਚੁ ਹੈ। ਆਪਣੇ ਅਸਲ ਸਰੂਪ ਕਰਤਾ ਪੁਰਖ ਵਾਂਗ ਸਦਾ ਸਦਾ ਸਦਾ ਲਈ ਸਚੁ ਹੈ। ਇਹ ਤਾਂ ਹੈ ਹੀ ਨਿਰੰਕਾਰ :-

ਵਾਹੁ ਵਾਹੁ ਬਾਣੀ ਨਿਰੰਕਾਰ ਹੈ,
ਤਿਸੁ ਜੇਵਡ ਅਵਰੁ ਨ ਕੋਇ
ਵਾਹੁ ਵਾਹੁ ਅਗਮ ਅਥਾਹੁ ਹੈ,
ਵਾਹੁ ਵਾਹੁ ਸਚਾ ਸੋਇ।

(ਪੰਨਾ-੫੧੫)

ਸ੍ਰੀ ਗੁਰੂ ਅਮਰਦਾਸ ਜੀ ਬਾਣੀ ਨਾਲ ਵਿੰਨੇ ਗਏ। ਸੀਤਲ ਪੀੜਾ ਨੇ ਸਾਖਿਆਤ ਗੁਰੂ ਦੇ,ਦਰਸ਼ਨਾਂ ਦੀ ਤਾਂਘ ਉਪਜਾਈ। ਦਰਸ਼ਨਾਂ ਉਪਰੰਤ 'ਸਾਚੀ ਬਾਣੀ ਮੀਠੀ ਅੰਮ੍ਰਿਤ ਧਾਰ' ਦੀ ਨਿਰੰਤਰ ਵਰਖਾ ਆਰੰਭ ਹੋ ਗਈ। ਸੱਚੀ ਬਾਣੀ ਨੇ ਪਰਮ ਸਚ ਪਰਮਾਤਮਾ ਨਾਲ ਮੇਲ ਕਰਾ ਦਿਤਾ ਤਾਂ ਆਪਨੂੰ ਬਾਣੀ ਹੀ 'ਪਰਮ ਸੱਚ' ਪ੍ਰਤੀਤ ਹੋਈ। ਬਾਣੀ ਦੇ 'ਨਿਰੰਕਾਰ ਰੂਪ' ਦਾ ਅਨੁਭਵ ਹੋਇਆ ਅਤੇ ਆਪ ਵਿਸਮਾਦ ਵਿਚ ਆ ਕੇ ਬਾਣੀ ਦੇ ਇਸ ਨਿਰੰਕਾਰੀ ਰੂਪ ਦਾ ਜਸ ਗਾਉਣ ਲੱਗੇ।

ਬਾਣੀ ਕਾਵਿ ਰੂਪ ਵਿਚ ਤਾਂ ਹੈ ਪਰ ਇਹ ਕਿਸੇ ਕਵੀ ਦੀ ਰਚੀ ਹੋਈ ਕਵਿਤਾ ਨਹੀਂ। ਸੰਸਾਰਕ ਦ੍ਰਿਸ਼ਟੀ ਤੋਂ ਅਸੀਂ ਇਸ ਨੂੰ ਗੁਰੂਆਂ, ਭਗਤਾਂ ਭੱਟਾਂ ਆਦਿ ਦੀ ਰਚੀ ਹੋਈ ਕਵਿਤਾ ਹੀ ਸਮਝਦੇ ਅਤੇ ਹਉਮੈ ਅਧੀਨ ਇਸ ਦੀ ਵੀ ਹੋਰ ਕਾਵਿ ਰਚਨਾਵਾਂ ਵਾਂਗ ਆਲੋਚਨਾਤਮਕ ਦ੍ਰਿਸ਼ਟੀ ਤੋਂ ਪਰਖ ਕਰਨ ਲੱਗ ਜਾਂਦੇ ਹਾਂ ਪਰ ਜਿਨ੍ਹਾਂ ਨੇ ਬਾਣੀ ਦੇ ਅਸਲ ਸਰੂਪ ਦੇ ਦਰਸ਼ਨ ਕੀਤੇ, ਉਨ੍ਹਾਂ ਨੂੰ ਹੀ ਇਸ ਵਿਚੋਂ ਨਿਰੰਕਾਰੀ ਜੋਤ ਦਾ ਪ੍ਰਕਾਸ਼ ਦਿਸ ਆਇਆ ਹੈ।



www.AKJ.Org

ਬਾਣੀ ਵਿਚ ਸੰਗੀਤ ਦੀ ਪ੍ਰਧਾਨਤਾ ਦਿਸ ਆਉਂਦੀ ਹੈ। ਇਸੇ ਲਈ ਰਬਾਬ ਦੀ ਲੋੜ ਪਈ, ਰਬਾਬੀ ਮਰਦਾਨਾ ਪੱਕਾ ਸਾਥੀ ਬਣਿਆ। ਬਾਣੀ-ਕਾਵਿ-ਸੰਗੀਤ ਦੇ ਸੰਜੋਗ ਨਾਲ ਕੀਰਤਨ ਦਾ ਪ੍ਰਕਾਸ਼ ਹੋਇਆ। ਕੀਰਤਨ ਦੀਆਂ ਹੁਲਾਸ ਭਰਪੂਰ ਤਰੰਗਾਂ ਅਤੇ ਬਾਣੀ ਦੇ ਅਮੋਘ ਬਾਣਾਂ ਨੇ ਸੱਜਣ ਵਰਗਿਆਂ ਦੇ ਹਿਰਦੇ ਪ੍ਰੇਮ ਤਰੰਗਾਂ ਨਾਲ ਭਰਪੂਰ ਕਰ ਦਿੱਤੇ। ਬਾਣੀ ਦੇ ਬਾਣਾਂ ਨੇ ਵਿੰਨ ਕੇ ਗੰਦਾ ਲਹੂ ਬਾਹਰ ਕੱਢਿਆ। ਪਾਪ ਕਰਮਾਂ ਨਾਲ ਪਲੀਤ ਹੋਇਆ ਹਿਰਦਯੰ ਪਟ ਪਾਵਨ ਪਵਿਤ੍ਰ ਕਰਕੇ, ਕਤਲਗਾਹ ਦੀ ਥਾਂ ਧਰਮਸ਼ਾਲਾ ਦੀ ਸਥਾਪਨਾ ਕਰ ਵਿਖਾਈ। ਨਿਰੰਕਾਰ ਰੂਪ ਬਾਣੀ ਦੇ ਅਜਿਹੇ ਕੌਤਕ ਹਰ ਮਹਲ ਸਮੇਂ ਵਰਤਦੇ ਰਹੇ।

ਪਹਿਲੇ ਮਹਲ ਤੋਂ ਪੋਥੀ ਦੀ ਆਰੰਭਤਾ ਹੋਈ। ਪੰਜਵੇਂ ਮਹਲ ਤਕ ਪੋਥੀਆਂ ਤਿਆਰ ਹੁੰਦੀਆਂ ਰਹੀਆਂ ਅਤੇ ਮਹਲ ਬਦਲਣ ਸਮੇਂ ਗੁਰਿਆਈ ਦੇ ਚਿੰਨ੍ਹ ਵਜੋਂ, ਸ਼ਬਦ ਦੀ ਥਾਪਣਾ ਦੇ ਨਾਲ, ਸੌਂਪ ਦਿੱਤੀਆਂ ਜਾਂਦੀਆਂ। ਭਗਤਾਂ, ਭੱਟਾਂ ਤੇ ਹੋਰ ਗੁਰਸਿੱਖਾਂ ਦੀ ਬਾਣੀ ਦੀ ਸੰਭਾਲ ਵੀ ਬਾਕਾਇਦਾ ਕੀਤੀ ਜਾਂਦੀ ਸੀ।

ਇੱਧਰ ਬਾਣੀ ਦਾ ਆਵੇਸ਼ ਹੋਇਆ। ਪੋਥੀਆਂ ਦੀ ਸਿਰਜਣਾ ਆਰੰਭ ਹੋਈ। ਦੂਜੇ ਪਾਸੇ ਗੁਰਗੱਦੀ ਦੇ ਦਾਅਵੇਦਾਰਾਂ ਵੱਲੋਂ ਜੱਦੀ ਹੱਕ ਸਮਝਕੇ ਗੁਰਗੱਦੀ ਦੀ ਇੱਛਾ ਰੱਖਣ ਵਾਲਿਆਂ 'ਨੇ 'ਨਾਨਕ' ਛਾਪ ਅਧੀਨ ਬਾਣੀ ਲਿਖਣੀ ਅਤੇ ਲਿਖਾਉਣੀ ਆਰੰਭ ਦਿੱਤੀ। ਤੀਜੇ ਪਾਤਸ਼ਾਹ ਨੇ ਇਸ ਕੱਚੀ ਬਾਣੀ ਤੋਂ ਸੁਚੇਤ ਕਰ ਦਿੱਤਾ ਸੀ। ਭੋਲੇ ਭਾਲੇ ਸਿੱਖ ਇਸ ਪ੍ਰਕਾਰ ਦੀ ਕਵਿਤਾ ਨੂੰ ਸੱਚੀ ਬਾਣੀ ਸਮਝਣ ਲੱਗ ਪਏ ਸਨ ਇਸ ਕਾਰਜ ਪ੍ਰਣਾਲੀ ਨਾਲ ਗੁਰਮਤਿ ਆਦਰਸ਼ਾਂ ਵਿਚ ਮਿਲਾਵਟ ਦਾ ਖ਼ਤਰਾ ਭਾਸਦਾ ਸੀ। ਕਸੁੰਭੇ ਦੇ ਕੱਚੇ ਰੰਗ ਵਿਚ ਰੰਗੇ ਇਨ੍ਹਾਂ ਕਵੀਆਂ ਦੀ ਬਾਣੀ ਬਾਰੇ ਹੀ ਆਪਨੇ ਫ਼ਰਮਾਇਆ :-

ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ।
ਬਾਣੀ ਤ ਕਚੀ ਸਤਿਗੁਰੁ ਬਾਝਹੁ ਹੋਰ ਕਚੀ ਬਾਣੀ।।
ਕਹਦੇ ਕਚੇ ਸੁਣਦੇ ਕਚੇ ਕਚੀ ਆਖਿ ਵਖਾਣੀ।।
ਹਰਿ ਹਰਿ ਨਿਤ ਕਰਹਿ ਰਸਨਾ ਕਹਿਆ ਕਛੂ ਨ ਜਾਣੀ।।
ਚਿਤੁ ਜਿਨ ਕਾ ਹਿਰਿ ਲਇਆ ਮਾਇਆ ਬੋਲਨਿ ਪਏ ਰਵਾਣੀ।।
ਕਹੈ ਨਾਨਕੁ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ।।੨੪।।

(ਪੰਨਾ ੯੨੦)

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੱਚੀ ਬਾਣੀ ਨੂੰ ਮੋਹਰ ਬੰਦ ਕਰਕੇ ਇਕ ਥਾਂ ਸੁਰੱਖਿਅਤ ਕਰਨ ਲਈ ਪੋਥੀਆਂ ਵਾਲੀ ਬਾਣੀ ਦਾ ਉਤਾਰਾ ਕਿਸੇ ਵਿਸ਼ੇਸ਼ ਤਰਤੀਬ ਨਾਲ ਭਾਈ ਗੁਰਦਾਸ ਜੀ ਦੇ ਹੱਥੋਂ ਕਰਵਾਇਆ। ਇਹ ਕੰਮ ਬਹੁਤ ਮਹਾਨ, ਗੰਭੀਰ ਅਤੇ ਸੂਖਮ ਸਰੂਪ ਦਾ ਸੀ। ਇਸ ਮਨੋਰਥ ਲਈ ਸੰਘਣੇ ਬ੍ਰਿਛਾਂ ਦੀ ਠੰਢੀ ਛਾਂ ਵਾਲਾ ਸਥਾਨ ਚੁਣਿਆ ਗਿਆ। ਨੇੜੇ ਹੀ ਇਕ ਸਰੋਵਰ ਦੀ ਸਥਾਪਨਾ ਕੀਤੀ ਤਾਂ ਜੋ ਜਲ-ਭਿੰਨੀ ਠੰਢੀ ਹਵਾ ਤਰਾਵਤ ਵੀ ਦੇਂਦੀ ਰਹੇ ਅਤੇ ਵਰਤੋਂ ਲਈ ਪਾਣੀ ਵੀ ਖੁਲ੍ਹਾ ਪ੍ਰਾਪਤ ਹੋ ਜਾਵੇ। ਇਸ ਸਰੋਵਰ ਨੂੰ 'ਰਾਮਸਰ' ਦਾ ਨਾਮ ਦਿੱਤਾ ਗਿਆ। ਸਰਵ ਵਿਆਪੀ , ਘਟ ਘਟ ਰਵੇ ਰਾਮ ਦੀ ਕਥਾ ਰਾਮਸਰ ਦੇ ਕੰਢੇ ਹੀ ਸੁਣਾਈ ਜਾ ਸਕਦੀ ਸੀ।

ਲਿਖਤੀ ਰੂਪ ਵਿਚ ਬਾਣੀ ਦੇ ਉਤਾਰੇ ਦੀ ਸੇਵਾ ਭਾਈ ਗੁਰਦਾਸ ਜੀ ਦੇ ਜ਼ਿੰਮੇ ਲਾਈ ਗਈ। ਗੁਰੂ ਸਾਹਿਬ ਇਹ ਸਾਰਾ ਕਾਰਜ ਆਪਣੀ ਨਿਗਰਾਨੀ ਹੇਠ ਕਰਵਾਉਂਦੇ ਰਹੇ। ਲੋੜ ਅਨੁਸਾਰ ਸੁਧਾਈ ਕਰਦੇ ਜਾਂ 'ਸੁਧ ਕਰੇ' ਦੀ ਹਦਾਇਤ ਦੇ ਕੇ ਭਾਈ ਗੁਰਦਾਸ ਜੀ ਕੋਲੋਂ ਹੀ ਕਰਵਾ ਦੇਂਦੇ। ਇਸ ਕਾਰਜ ਦੀ ਸੰਪੂਰਣਤਾ ਵਿਚ ਤਿੰਨ ਸਾਲ ਦਾ ਸਮਾਂ ਲੱਗਾ। 'ਪੋਥੀ' ਦੀ ਮਹਾਨਤਾ ਤਾਂ ਆਪ ਪਹਿਲਾਂ ਹੀ ਦਰਸਾ ਚੁੱਕੇ ਸਨ :-

ਪੋਥੀ ਪਰਮੇਸਰ ਕਾ ਥਾਨੁ।।
ਸਾਧ ਸੰਗਿ ਗਾਵਹਿ ਗੁਣ ਗੋਬਿੰਦ
ਪੂਰਨ ਬ੍ਰਹਮ ਗਿਆਨੁ।।੧।। ਰਹਾਉ।।
ਸਾਧਿਕ ਸਿਧ ਸਗਲ ਮੁਨਿ ਲੋਚਹਿ
ਬਿਰਲੇ ਲਾਗੈ ਧਿਆਨੁ।।
ਜਿਸਹਿ ਕ੍ਰਿਪਾਲ ਹੋਇ ਮੇਰਾ ਸੁਆਮੀ
ਪੂਰਨ ਤਾ ਕੋ ਕਾਮੁ।।੧।।
ਜਾ ਕੈ ਰਿਦੈ ਵਸੈ ਭੈ ਭੰਜਨ
ਤਿਸੁ ਜਾਨੈ ਸਗਲ ਜਹਾਨੁ।।
ਖਿਨੁ ਪਲੁ ਬਿਸਰੁ ਨਹੀ ਮੇਰੇ ਕਰਤੇ
ਇਹੁ ਨਾਨਕੁ ਮਾਂਗੈ ਦਾਨੁ।।੨।।

(ਪੰਨਾ ੧੨੨੬)

ਸੰਤਹੁ ਸੁਖੁ ਹੋਆ ਸਭ ਥਾਈ।।
ਪਾਰ ਬ੍ਰਹਮੁ ਪੂਰਨ ਪਰਮੇਸਰੁ
ਰਵਿ ਰਹਿਆ ਸਭਨੀ ਜਾਈ।। ਰਹਾਉ।।
ਧੁਰ ਕੀ ਬਾਣੀ ਆਈ।।
ਤਿਨਿ ਸਗਲੀ ਚਿੰਤ ਮਿਟਾਈ।।
ਦਇਆਲ ਪੁਰਖ ਮਿਹਰਵਾਨਾ।।
ਹਰਿ ਨਾਨਕ ਸਾਚੁ ਵਖਾਨਾ।।

(ਪੰਨਾ ੬੨੮)



www.AKJ.Org

ਪਹਿਲਾਂ ਪਹਿਲ ਪੋਥੀ ਸਾਹਿਬ ਕਰਕੇ ਜਾਣਿਆ ਜਾਂਦਾ ਜਾਂ ਨਿਰੰਕਾਰ ਰੂਪ ਬਾਣੀ ਦਾ ਸੰਗ੍ਰਹਿ ਹੁਣ ਗ੍ਰੰਥ ਸਾਹਿਬ ਬਣਿਆ। ਗ੍ਰੰਥ ਸਾਹਿਬ ਦਾ ਪ੍ਰਕਾਸ਼ ਸ੍ਰੀ ਹਰਿ ਮੰਦਰ ਸਾਹਿਬ ਵਿਚ ਕੀਤਾ ਜਾਣਾ ਸੀ। ਬੇਅੰਤ ਸੰਗਤਾਂ ਦਾ ਇੱਕਠ ਹੋਇਆ। ਗ੍ਰੰਥ ਸਾਹਿਬ ਨੂੰ ਅਤਿ ਪਿਆਰ ਤੇ ਸਤਿਕਾਰ ਸਹਿਤ ਬਾਬਾ ਬੁੱਢਾ ਜੀ ਦੇ ਸੀਸ ਉੱਤੇ ਟਿਕਾ, ਭਾ: ਗੁਰਦਾਸ ਜੀ ਸਮੇਤ ਸਾਰੀਆਂ ਸੰਗਤਾਂ ਨੇ ਚਾਲੇ ਪਾਏ। ਸਾਰੇ ਰਾਹ ਪੰਚਮ ਪਾਤਸ਼ਾਹ ਚੌਰ ਦੀ ਸੇਵਾ ਨਿਭਾਉਂਦੇ ਹੋਏ ਆਏ। ਸ੍ਰੀ ਹਰਿਮੰਦਰ ਸਾਹਿਬ ਵਿਚ ਸਜੇ ਸੁੰਦਰ ਸਿੰਘਾਸਨ ਉਤੇ ਪ੍ਰਕਾਸ਼ ਕਰਕੇ ਬਾਬਾ ਬੁੱਢਾ ਜੀ ਨੂੰ ਪਹਿਲਾ ਗ੍ਰੰਥੀ ਸਿੰਘ ਥਾਪਿਆ ਗਿਆ। ਗੁਰੂ ਸਾਹਿਬ ਆਪ ਸੰਗਤ ਵਿਚ ਬੈਠ ਕੇ ਗੁਰਬਾਣੀ ਦਾ ਪਾਠ ਅਤੇ ਕੀਰਤਨ ਸੁਣਿਆ ਕਰਦੇ ਸਨ। ਸ਼ਬਦ ਦੀ ਵਿਆਖਿਆ ਅਤੇ ਕੀਰਤਨ ਦੀ ਸੇਵਾ ਵੀ ਆਪ ਨਿਰੰਤਰ ਕਰਦੇ ਰਹੇ।

ਪਾਰਬ੍ਰਹਮ ਪਰਮੇਸ਼ਰ ਵੱਲੋਂ ਗੁਰ ਪਰਮੇਸ਼ਰ ਦੇ ਮੁਖਾਰਬਿੰਦ ਤੋਂ ਉਚਰਿਤ ਬਾਣੀ ਪਰਮੇਸ਼ਰ ਦਾ ਰੂਪ ਹੀ ਤਾਂ ਸੀ। ਇਸੇ ਲਈ ਪੋਥੀ ਨੂੰ ਪਰਮੇਸ਼ਰ ਕਹਿਕੇ ਸਨਮਾਨਿਆ ਗਿਆ ਸੀ। ਤ੍ਰੈਕਾਲ ਦਰਸ਼ੀ ਗੁਰੂ ਜੀ ਨੇ ਅਨੁਭਵ ਕਰ ਲਿਆ ਸੀ ਕਿ ਪਰਮੇਸ਼ਰ ਰੂਪ ਬਾਣੀ ਨੇ ਹੀ ਭਵਿੱਖ ਵਿਚ ਗੁਰੂ ਕਾ ਕਰਤੱਵ ਨਿਭਾਉਣਾ ਹੈ। ਸ੍ਰੀ ਗੁਰੂ ਰਾਮਦਾਸ ਜੀ ਆਪਣੀ ਦਿਬਯ ਦ੍ਰਿਸ਼ਟੀ ਨਾਲ ਬਾਣੀ ਦੇ ਗੁਰੂ ਰੂਪ ਵਿਚ ਦਰਸ਼ਨ ਨੂੰ ਬਾਣੀ ਵਿਚ ਵਰਣਨ ਵੀ ਕਰ ਚੁੱਕੇ ਸਨ। ਇਸ ਲਈ ਭਾਵੇਂ ਅਜੇ 'ਗ੍ਰੰਥ ਸਾਹਿਬ' ਗੁਰੂ ਪਦ ਨਾਲ ਸੁਸ਼ੋਭਿਤ ਨਹੀਂ ਸਨ ਹੋਏ, ਗੁਰੂ ਸਾਹਿਬ ਨੇ ਗ੍ਰੰਥ ਸਾਹਿਬ ਨੂੰ ਗੁਰ ਪਰਮੇਸ਼ਰ ਵਾਂਗ ਸਤਿਕਾਰ ਦੇਣਾ ਆਰੰਭ ਕਰ ਦਿੱਤਾ ਸੀ। ਪੋਥੀ ਸਾਹਿਬ ਜਾਂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਆਪਣੇ ਨਿਜ ਸਥਾਨ ਤੇ ਕਰਨਾ ਅਤੇ ਰਾਤ੍ਰੀ ਦੇ ਨਿਜ ਵਿਸ਼ਰਾਮ ਸਥਾਨ ਤੇ ਗ੍ਰੰਥ ਸਾਹਿਬ ਨੂੰ ਬਿਰਾਜਮਾਨ ਕਰਕੇ ਆਪ ਉਸੇ ਕਮਰੇ ਵਿਖ ਭੁਇੰ ਆਸਨ ਕਰਨਾ ਇਸ ਗੱਲ ਦਾ ਸੂਚਕ ਸੀ ਕਿ ਗੁਰੂ ਪਦ ਦੇ ਅਧਿਕਾਰੀ ਗ੍ਰੰਥ ਸਾਹਿਬ ਹੀ ਹਨ। ਆਪਦੇ ਜੋਤੀ ਜੋਤ ਸਮਾਉਣ ਤੋਂ ਪਿਛੋਂ ਵੀ ਸਾਰੇ ਗੁਰੂ ਸਾਹਿਬ 'ਗ੍ਰੰਥ' ਦੀ ਮਹਾਨਤਾ ਹੀ ਦਰਸਾਉਂਦੇ ਰਹੇ।

ਬਾਣੀ ਨੂੰ 'ਗ੍ਰੰਥ' ਰੂਪ ਦਿੱਤਾ ਪੰਚਮ ਪਾਤਸ਼ਾਹ ਨੇ। ਸਮਾਂ ਆਉਣ ਤੇ 'ਗ੍ਰੰਥ ਸਾਹਿਬ' ਨੂੰ ਗੁਰੂ ਪਦ ਨਾਲ ਸੁਸ਼ੋਭਿਤ ਕੀਤਾ ਦਸਮ ਪਾਤਸ਼ਾਹ ਨੇ। ਜੋਤ ਗ੍ਰੰਥ ਵਿਚ ਅਤੇ ਦੇਹ ਪੰਥ ਵਿਚ ਦੱਸ ਕੇ, ਪੰਥ ਨੂੰ ਸਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਰਹਿਣ ਦਾ ਆਦੇਸ਼ ਦਿੱਤਾ ਗਿਆ। ਇਸ ਤਾਬੇਦਾਰੀ ਵਿਚੋਂ ਹੀ ਖ਼ਾਲਸੇ ਦਾ ਨਿਆਰਾਪਨ ਉਘੜਿਆ ਅਤੇ ਕਾਇਮ ਰਿਹਾ। ਇਹ ਤਾਬੇਦਾਰੀ ਹੀ ਗੁਰ ਪਰਮੇਸ਼ਰ ਦੇ ਤੇਜ਼ ਪ੍ਰਤਾਪ ਦਾ ਸ੍ਰੋਤ ਹੋਣ ਕਰਕੇ, ਖ਼ਾਲਸੇ ਦੇ ਨਿਆਰੇ ਰੂਪ ਲਈ ਮੁੱਢਲੀ ਸ਼ਰਤ ਹੈ। ਬਿਪਰਨ ਕੀ ਰੀਤ ਤੋਂ ਬਚਣ ਲਈ ਗੁਰਬਾਣੀ ਦੇ ਹੁਕਮ ਅਨੁਸਾਰ ਚੱਲਣਾ ਹੀ ਇੱਕੋ ਇੱਕ ਸਾਧਨ ਹੈ। ਦਸਮ ਪਾਤਸ਼ਾਹ ਨੇ ਗ੍ਰੰਥ ਸਾਹਿਬ ਨੂੰ ਗੁਰਗੱਦੀ ਉੱਤੇ ਸੁਸ਼ੋਭਿਤ ਕੀਤਾ, ਆਪ ਨਮਸਕਾਰ ਕਰਕੇ ਸਿੱਖ ਸੰਗਤਾਂ ਨੂੰ 'ਮੇਰਾ ਰੂਪ ਗ੍ਰੰਥ ਜੀ ਜਾਨ' ਕਹਿਕੇ ਅਤੇ 'ਗੁਰੂ ਮਾਨਿਓ ਗ੍ਰੰਥ ' ਦਾ ਹੁਕਮ ਦੇ ਕੇ ਦੇਹ ਧਾਰੀ ਗੁਰੂ ਦੀ ਪਰੰਪਰਾ ਦਾ ਅੰਤ ਕਰ ਦਿੱਤਾ। ਇਹ ਸਭ ਅਕਾਲ ਪੁਰਖ ਦੇ ਆਦੇਸ਼ ਅਨੁਸਾਰ ਹੋ ਰਿਹਾ ਸੀ। ਜਿਵੇਂ ਪਹਿਲਾਂ ਦੇਹ ਰੂਪ ਵਿਚ 'ਆਪ ਨਾਰਾਇਣ ਕਲਾਧਾਰਿ ਜਗ ਮਹਿ ਪਰਵਰਿਓ' ਵਾਲੀ ਕਲਾ ਵਰਤੀ ਸੀ। ਹੁਣ'ਨਾਰਾਇਣ' ਸ਼ਬਦ ਰੂਪ ਬਾਣੀ ਵਿਚ ਸਮਾਇਆ ਪ੍ਰਕਾਸ਼ਮਾਨ ਹੋਇਆ। ਜਿਸ ਪੋਥੀ ਨੂੰ 'ਪਰਮੇਸ਼ਰ ਕਾ ਥਾਨ' ਆਖਿਆ ਗਿਆ ਸੀ। ਉਸੇ ਪੋਥੀ ਦੇ ਗੁਰ ਪਰਮੇਸ਼ਰ ਰੂਪ ਨੂੰ 'ਗੁਰੂ ਮਾਨਿਓ ਗ੍ਰੰਥ' ਦਾ ਲਕਬ ਦਿੱਤਾ।

*ਆਓ ! ਜੁਗੋ ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਚਰਨ ਸ਼ਰਨ ਵਿਚ ਰਹਿਣ ਦਾ ਪ੍ਰਣ ਕਰਦੇ ਹੋਏ, ਅਖੌਤੀ ਸੰਤਾਂ ਦੇ ਡੇਰਿਆਂ ਅਤੇ ਇਨ੍ਹਾਂ ਦੇਹ ਧਾਰੀ ਗੁਰੂਆਂ ਦੇ ਜਾਲ ਦਾ ਨਾਮ ਨੇਜ਼ੇ ਨਾਲ 'ਮਿਪਿ ਮਿਪਿ ਕਾਟਉ' ਵਾਲਾ ਕਾਰਜ ਨਿਭਾਉਣ ਲਈ ਤਤਪਰ ਰਹੀਏ। ਇਨ੍ਹਾਂ ਅਖੌਤੀ ਗੁਰੂਆਂ ਨੇ ਮੁਕਤ ਪਦ ਤੱਕ ਪਹੁੰਚਾਉਣ ਦੀ ਜੁਗਤੀ ਤਾਂ ਕੀ ਦੱਸਣੀ ਹੈ। ਇਹ ਤਾਂ ਜੀਵਨ ਜੋਤ ਬੁਝਾ ਕੇ 'ਜਮ ਕੀ ਫਾਸੀ' ਦੇ ਰਾਹੇ ਹੀ ਪਾਉਂਦੇ ਹਨ। ਗੁਰੂ ਨਾਲੋਂ ਤੋੜ ਕੇ ਆਪਣੇ ਨਾਲ ਜੋੜਦੇ ਹਨ। ਸਾਨੂੰ ਕਿਸੇ ਵਿਚੋਲੇ ਦੀ ਲੋੜ ਨਾਹੀ। ਸਾਡਾ ਸਿੱਧਾ ਸੰਬੰਧ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਹੈ ਜਿਨ੍ਹਾਂ ਨੂੰ ਪੰਚਮ ਪਾਤਸ਼ਾਹ ਨੇ 'ਪੋਥੀ ਪਰਮੇਸ਼ਰ ਕਾ ਥਾਨ' ਦੇ ਰੂਪ ਵਿੱਚ ਨਿਹਾਰਿਆ ਸੀ।* ▪ ▪ ▪

ਕੈਸੇ ਤੋਹਿ ਤਾਰਿ ਹੈ ਸੁਨਿ ਜੜ
ਆਪ ਡੁਬਯੋ ਭਵਸਾਗਰ।।
ਛੁਟਿਹੋ ਕਾਲ ਜਾਲ ਤੇ ਤਬਹੀ
ਗਹੋ ਸਰਨ ਜਗਤਾਗਰ।।

(ਕਲਿਆਣ ਪਾ: ੧੦)



www.AKJ.Org

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕਿਵੇਂ ਬੋਲਦੇ ਹਨ ?

(ਗਿਆਨੀ ਹਰਬੰਸ ਸਿੰਘ ਜੀ, ਚੰਡੀਗੜ੍ਹ)

ਵਰਤਮਾਨ ਸਮੇਂ ਦੇ ਕਈ ਦੇਹਧਾਰੀ ਗੁਰੂਆਂ ਦੇ ਚੇਲੇ ਚਾਟੜੇ ਇਹ ਆਖਦੇ ਹਨ ਕਿ 'ਗੁਰੂ ਗ੍ਰੰਥ ਸਾਹਿਬ ਤਾਂ ਬੋਲਦੇ ਹੀ ਨਹੀਂ ਅਤੇ ਜਿਸ ਵਿਚ ਬੋਲਣ ਦੀ ਸਮਰਥਾ ਨਾ ਹੋਵੇ ਉਹ ਆਪਣੇ ਸਿਖਾਂ ਅਤੇ ਹੋਰ ਸ੍ਰਿਸ਼ਟੀ ਨੂੰ ਸੰਸਾਰ ਭਉਜਲ ਤੋਂ ਕਿਵੇਂ ਪਾਰ ਕਰ ਸਕਦਾ ਹੈ ? ਏਦਾਂ ਦੇ ਹੀ ਭੁਲੇਖਾ-ਪਾਊ ਪ੍ਰਸ਼ਨ ਘੜ ਕੇ ਅਜ ਦੇ ਨੌਜਵਾਨਾਂ ਨੂੰ ਸ਼ਬਦ-ਗੁਰੂ ਨਾਲੋਂ ਤੋੜ ਕੇ ਅਖੌਤੀ ਹੱਡ-ਮਾਸ ਦੇ ਗੁਰੂ-ਚਰਨਾਂ ਨਾਲ ਜੋੜਿਆ ਜਾਂਦਾ ਹੈ।

ਆਖਣ ਨੂੰ ਬੇਸ਼ਕ ਅਜ ਦੇ ਪ੍ਰੋਫੈਸਰ ਇਸ ਯੁਗ ਨੂੰ ਵਿਦਿਅਕ ਅਤੇ ਵਿਗਿਆਨਕ ਯੁੱਗ ਆਖੀ ਜਾਣ, ਪਰ ਆਤਮਕ ਗਿਆਨ ਦੇ ਪੱਖ ਤੋਂ ਇਹ ਅਗਿਆਨਤਾ ਦਾ ਯੁੱਗ ਹੈ। ਆਤਮ-ਮਾਰਗ ਸੰਸਾਰੀ ਵਿਦਿਆ-ਮਾਰਗ ਤੋਂ ਵਿਲੱਖਣ ਹੈ। ਇਸ ਲਈ ਗੁਰਬਾਣੀ ਵਿਚ ਅੰਕਿਤ ਹੈ :-

ਅੰਤਰਿ ਗਿਆਨੁ ਨ ਆਇਓ, ਮਿਰਤਕੁ ਹੈ ਸੰਸਾਰਿ।।
(ਸਿਰੀ ਰਾਗ ਕੀ ਵਾਰ ਮ: ੩, ਪੰਨਾ ੮੮)

ਇਹ ਡੱਡੂਆਂ ਵਾਲੀ ਬ੍ਰਿਤੀ ਰਖਣ ਵਾਲੇ ਆਖਦੇ ਹਨ ਕਿ 'ਗੁਰੂ ਗ੍ਰੰਥ ਸਾਹਿਬ ਤਾਂ ਬੋਲਦੇ ਹੀ ਨਹੀਂ।' ਸੰਸਾਰ ਵਿਚ ਅਨੇਕਾਂ ਛੋਟੇ ਛੋਟੇ ਨਾਲੇ, ਨਦੀਆਂ ਅਤੇ ਸਮੁੰਦਰ ਹਨ, ਪਰ ਖੂਹ ਵਿਚ ਰਹਿਣ ਵਾਲੇ ਡੱਡੂਆਂ ਨੂੰ ਸਿਵਾਏ ਛੋਟੇ ਜਿਹੇ ਖੂਹ ਦੇ ਬਾਹਰਲੇ ਦੇਸ਼ਾਂ ਬਿਦੇਸ਼ਾਂ ਦਾ ਕੁਝ ਪਤਾ ਨਹੀਂ, ਜਿਵੇਂ ਭਗਤ ਰਵਿਦਾਸ ਜੀ ਫ਼ੁਰਮਾਉਂਦੇ ਹਨ :-

ਕੂਪੁ ਭਰਿਓ ਜੈਸੇ ਦਾਦਿਰਾ,
ਕਛੁ ਦੇਸੁ ਬਿਦੇਸੁ ਨ ਬੂਝ।। (ਪੰਨਾ ੩੪੬)

ਠੀਕ ਇਹੋ ਹਾਲਤ ਉਪਰੋਕਤ ਵੀਚਾਰ ਰਖਣ ਵਾਲੇ ਜਗਿਆਸੂਆਂ ਦੀ ਹੈ। ਆਤਮ-ਪ੍ਰਕਾਸ਼ ਤੋਂ ਸਖਣੇ ਹੋਣ ਕਰਕੇ ਉਨ੍ਹਾਂ ਵਿੱਚ ਇਸ ਭਰਮ ਦੀ ਦ੍ਰਿੜਤਾ ਹੋ ਗਈ ਹੈ ਕਿ ਗੁਰੂ ਜਦੋਂ ਦੇਹ ਵਿਚ ਹੋਵੇ ਤਾਂ ਬੋਲਦਾ ਹੈ ਕਿਉਂਕਿ ਜੀਭ ਤੋਂ ਬਿਨਾਂ ਬੋਲਣਾ ਸੰਭਵ ਨਹੀਂ ਸਮਝਿਆ ਜਾਂਦਾ। ਉਨ੍ਹਾਂ ਭੋਲਿਆਂ ਨੂੰ ਇਸ ਗੱਲ ਦਾ ਗਿਆਨ ਨਹੀਂ ਕਿ ਦੇਹੀ ਮਿੱਟੀ ਹੈ, ਫਿਰ ਮਿੱਟੀ ਕਿਵੇਂ ਬੋਲ ਸਕਦੀ ਹੈ ? ਦੇਹੀ ਦੀ ਬਣਤਰ ਬਾਰੇ ਸਾਨੂੰ ਗੁਰਬਾਣੀ ਦੁਆਰਾ ਇਹ ਗਿਆਨ ਪ੍ਰਾਪਤ ਹੈ :-

੧. ਪਾਨੀ ਮੈਲਾ ਮਾਟੀ ਗੋਰੀ।।
ਇਸ ਮਾਟੀ ਕੀ ਪੁਤਰੀ ਜੋਰੀ।।
(ਪੰਨਾ ੩੩੬)

੨. ਪਾਂਚ ਤਤ ਕੋ ਤਨੁ ਰਚਿਓ,
ਜਾਨਹੁ ਚਤੁਰ ਸੁਜਾਨ।। (ਪੰਨਾ ੧੪੨੬)

੩. ਪੰਚ ਤਤੁ ਮਿਲਿ ਕਾਇਆ ਕੀਨੀ।।
ਤਿਸ ਮਹਿ ਰਾਮ ਰਤਨੁ ਲੈ ਚੀਨੀ।।
ਆਤਮ ਰਾਮੁ ਰਾਮੁ ਹੈ ਆਤਮ,
ਹਰਿ ਪਾਈਐ ਸਬਦਿ ਵੀਚਾਰਾ ਹੇ।।੭।।
(ਪੰਨਾ ੧੦੩੦)

੪. ਅਪੁ ਤੇਜੁ ਵਾਇ ਪ੍ਰਿਥਮੀ ਆਕਾਸਾ।।
ਤਿਨ ਮਹਿ ਪੰਚ ਤਤੁ ਘਰਿ ਵਾਸਾ।।
ਸਤਿਗੁਰ ਸਬਦਿ ਰਹਹਿ ਰੰਗਿ ਰਾਤਾ,
ਤਜਿ ਮਾਇਆ ਹਉਮੈ ਭ੍ਰਾਤਾ ਹੇ।।
(ਪੰਨਾ ੧੦੩੧)

੫. ਪੰਚ ਤਤੁ ਮਿਲਿ ਦੇਹੀ ਕਾ ਆਕਾਰਾ।।
ਘਟਿ ਵਧਿ ਕੋ ਕਰੈ ਬੀਚਾਰਾ।।੪।।
(ਪੰਨਾ ੧੧੨੮)

ਗੁਰਮਤਿ ਦਾ ਇਹ ਸਿਧਾਂਤ ਹੈ ਕਿ ਦੇਹੀ ਮਿੱਟੀ ਹੈ, ਇਸ ਵਿਚ ਬੋਲਣ ਵਾਲੀ ਸ਼ਕਤੀ ਪਉਣ (ਸ਼ਬਦ) ਹੈ :-

੧. ਦੇਹੀ ਮਾਟੀ ਬੋਲੈ ਪਉਣੁ।। (ਪੰਨਾ ੧੫੨)

੨. ਆਖਾਰ ਮੰਡਲੀ ਧਰਣਿ ਸਬਾਈ,
ਊਪਰਿ ਗਗਨੁ ਚੰਦੋਆ।।
ਪਵਨੁ ਵਿਚੋਲਾ ਕਰਤ ਇਕੇਲਾ,
ਜਲ ਤੇ ਓਪਤਿ ਹੋਆ।।
ਪੰਚ ਤਤੁ ਕਰਿ ਪੁਤਰਾ ਕੀਨਾ,
ਕਿਰਤ ਮਿਲਾਵਾ ਹੋਆ।।੨।। (ਪੰਨਾ ੮੮੪)

ਜੇ ਗੁਰੂ-ਪਛਾਣ ਦੀ ਕਸਵਟੀ ਕੇਵਲ 'ਬੋਲਣ' ਤੇ ਹੀ ਅਧਾਰਤ ਹੋਵੇ ਤਾਂ ਅਨੇਕ ਪ੍ਰਕਾਰ ਦੇ ਪੰਛੀ, ਜਾਨਵਰ, ਬੋਲਣ ਵਾਲੀਆਂ ਮਸ਼ੀਨਾਂ, ਗਰਾਮੋਫ਼ੂਨ, ਰੇਡੀਓ, ਟੇਪ-ਰੀਕਾਰਡ ਆਦਿ ਸਾਰੇ ਹੀ ਗੁਰੂ-ਪਦਵੀ ਦੇ ਅਧਿਕਾਰੀ ਬਣ ਸਕਦੇ ਹਨ। ਪਰ ਅਜਿਹਾ ਪ੍ਰਮਾਣ ਕਿਸੇ ਧਰਮ-ਗ੍ਰੰਥ 'ਚੋਂ ਨਹੀਂ ਮਿਲਦਾ ਕਿ ਕਿਸੇ ਮਨੁੱਖ ਨੇ ਅਜਿਹੀਆਂ ਬੋਲਣ ਵਾਲੀਆਂ ਚੀਜ਼ਾਂ ਨੂੰ ਵੀ ਗੁਰੂ ਧਾਰਨ ਕੀਤਾ ਹੋਵੇ। ਦੇਹੀ ਮਿੱਟੀ ਹੈ। ਫਿਰ ਇਹ ਸੁਤੰਤਰ ਵੀ ਨਹੀਂ, ਪਰ-ਤੰਤਰ ਹੈ, ਕਿਉਂਕਿ ਕਰਤਾ ਪੁਰਖ ਨੇ ਪੰਜ ਤਤ ਲਾ ਕੇ ਮਨੁੱਖੀ ਤਨ ਨੂੰ ਆਪ ਸਾਜਿਆ ਹੈ। ਫਿਰ ਤੱਤਾਂ ਵਿਚ ਆਪਣੀ ਕੋਈ ਸ਼ਕਤੀ ਨਹੀਂ ਅਤੇ ਨਾ ਹੀ ਮਨੁੱਖ ਕਿਸੇ ਤਤ ਨੂੰ ਬਨਾਉਣ ਦੇ



www.AKJ.Org

ਸਮਰਥ ਹੈ। ਜੇ ਕਿਸੇ ਵਿਚ ਇਹ ਸ਼ਕਤੀ ਹੈ ਤਾਂ ਉਹ ਪਰਤਿਆ ਕੇ ਵੇਖ ਲਵੇ। ਗੁਰਬਾਣੀ ਇਉਂ ਚੈਲਿੰਜ ਕਰਦੀ ਹੈ:-

ਪੰਚ ਤਤੁ ਕਰਿ ਤੁਧੁ ਸ੍ਰਿਸਟਿ ਸਭ ਸਾਜੀ,
ਕੋਈ ਛੇਵਾ ਕਰਿਉ ਜੇ ਕਿਛੁ ਕੀਤਾ ਹੋਵੈ।।
ਇਕਨਾ ਸਤਿਗੁਰੁ ਮੇਲਿ ਤੂੰ ਬੁਝਾਵਹਿ,
ਇਕਿ ਮਨਮੁਖਿ ਕਰਹਿ ਸਿ ਰੋਵੈ।।੩।।

(ਪੰਨਾ ੧੩੬)

ਸਿਰਜਣਹਾਰ ਪ੍ਰਭੂ ਨੇ ਪੰਜ ਤੱਤਾਂ ਦੇ ਮੇਲ ਤੋਂ ਦੇਹੀ ਦਾ ਸਾਕਾਰ ਰੂਪ ਬਣਾ ਕੇ, ਵਿਚ ਜੀਵ ਨੂੰ ਬਿਠਾ ਕੇ, ਆਪਣੀ 'ਸ਼ਬਦ ਜੋਤਿ' ਟਿਕਾਈ ਹੋਈ ਹੈ, ਜਿਸ ਦੀ ਸਤਾ ਨਾਲ ਜੀਵ ਬੋਲਦਾ ਹੈ। ਕੇਵਲ ਬੋਲਦਾ ਹੀ ਨਹੀਂ, ਵੇਖਦਾ, ਸੁਣਦਾ, ਸਮਝਦਾ, ਚਲਦਾ ਤੇ ਕੰਮ ਕਰਦਾ ਹੈ। ਜੇ ਇਹ 'ਜੋਤਿ ਰੂਪ ਸ਼ਕਤੀ' ਇਸ ਸਰੀਰ ਵਿਚੋਂ ਕਢ ਲਈ ਜਾਏ ਤਾਂ ਇਹ ਬੋਲਣ ਤੋਂ ਅਸਮਰਥ ਹੋ ਜਾਂਦਾ ਹੈ। ਜਿਵੇਂ ਗੁਰਦੇਵ ਜੀ ਦਾ ਫ਼ੁਰਮਾਨ ਹੈ :-

ਕਿਆ ਕੋਈ ਤੇਰੀ ਸੇਵਾ ਕਰੇ,
ਕਿਆ ਕੋ ਕਰੇ ਅਭਿਮਾਨਾ।।
ਜਬ ਅਪੁਨੀ ਜੋਤਿ ਖਿੰਚਹਿ ਤੂ ਸੁਆਮੀ,
ਤਬ ਕੋਈ ਕਰਉ ਦਿਖਾ ਵਖਿਆਨਾ।।੨।।

(ਪੰਨਾ ੭੯੭)

ਇਸ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿਰਜਨਹਾਰ ਨੂੰ ਧੰਨ ਧੰਨ ਕਿਹਾ ਹੈ :-

ਸੋਈ ਮਉਲਾ ਜਿਨਿ ਜਗੁ ਮਉਲਿਆ,
ਹਰਿਆ ਕੀਆ ਸੰਸਾਰੋ।।
ਆਬ ਖਾਕੁ ਜਿਨਿ ਬੰਧਿ ਰਹਾਈ,
ਧੰਨੁ ਸਿਰਜਣਹਾਰੋ।।੧।। (ਪੰਨਾ ੨੪)

ਸੋ ਦੇਹੀ ਦੀ ਸੋਭਾ, ਵਡਿਆਈ ਓਦੋਂ ਤੀਕ ਹੈ ਜਦੋਂ ਤੀਕ ਇਸ ਵਿਚ ਸੁਆਸ ਹਨ, ਜਦੋਂ ਤੀਕ ਉਸ ਕਰਤਾ ਪੁਰਖ ਦੀ ਜੋਤਿ ਇਸ ਅੰਦਰ ਬਿਰਾਜਮਾਨ ਹੈ। ਅਗਿਆਨੀ ਮਨੁੱਖ ਨੂੰ ਮੁੜ ਮੁੜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਇਹੋ ਸਮਝਾਉਂਦੇ ਹਨ :-

ਸਾਕਤ ਨਿਰਗੁਣਿਆਰਿਆ, ਆਪਣਾ ਮੂਲੁ ਪਛਾਣੁ।।
ਰਕਤੁ ਬਿੰਦੁ ਕਾ ਇਹੁ ਤਨੋ, ਅਗਨੀ ਪਾਸਿ ਪਿਰਾਣੁ।।
ਪਵਣੈ ਕੈ ਵਸਿ ਦੇਹੁਰੀ, ਮਸਤਕਿ ਸਚੁ ਨੀਸਾਣੁ।।੫।।

(ਪੰਨਾ ੬੬੩)

ਸੋਚਣ ਵਾਲੀ ਇਹ ਗੱਲ ਹੈ ਕਿ ਜਿਹੜੀ ਚੀਜ਼ ਆਪ ਹੀ ਬੰਧਨ ਵਿਚ ਹੈ, ਪਰ-ਅਧੀਨ ਹੈ, ਉਹ ਦੂਜੇ ਨੂੰ ਕਿਵੇਂ ਮੁਕਤ ਕਰਾ ਸਕਦੀ ਹੈ ? ਜਿਹੜਾ ਮਨੁੱਖ ਆਪ ਹੀ ਦਰਿਆ ਵਿਚ ਡੁਬ ਰਿਹਾ, ਗੋਤੇ ਖਾ ਰਿਹਾ ਹੈ ਉਹ ਦੂਜੇ ਦੀ ਬਾਂਹ ਫੜ ਕੇ ਉਸ ਨੂੰ ਕਿਵੇਂ ਪਾਰ ਕਰ ਸਕਦਾ ਹੈ ? ਗੁਰਦੇਵ ਜੀ ਦਾ ਪਵਿੱਤਰ ਵਾਕ ਹੈ :-

ਜੋ ਡੁਬੰਦੋ ਆਪਿ, ਸੋ ਤਰਾਏ ਕਿੰਨ੍ਹ ਖੇ।।
ਤਾਰੇਦੜੋ ਭੀ ਤਾਰਿ, ਨਾਨਕ ਪਿਰ ਸਿਉ ਰਤਿਆ।।੧।।

(ਪੰਨਾ ੧੧੦੧)

ਗੁਰੂ ਨਾਨਕ ਦੇਵ ਜੀ ਜਿਸ ਵੇਲੇ ਸਰੀਰ ਰੂਪੀ ਚੋਲੇ ਵਿਚ ਸਨ ਓਦੋਂ ਵੀ ਆਪ ਜੀ 'ਸ਼ਬਦ ਗੁਰੂ' ਦਾ ਹੀ ਰਾਗ ਅਲਾਪਦੇ ਸਨ। ਮਨੁੱਖੀ ਮਨਾਂ ਵਿਚ ਪਾਏ ਹੋਏ ਭਰਮ ਦੇ ਟੋਏ ਨੂੰ ਭਰਨ ਲਈ ਇਕ ਸਧਾਰਨ ਦ੍ਰਿਸ਼ਟਾਂਤ ਦੇ ਕੇ ਇਸ ਗੱਲ ਦੀ ਲਖਤਾ ਕਰਾਉਂਦੇ ਹਨ ਕਿ ਹੇ ਭਾਈ ! ਦੇਹੀ ਬਿਲਕੁਲ ਕੱਚੀ ਹੈ, ਇਸ਼ ਤਰ੍ਹਾਂ ਕੱਚੀ ਹੈ ਜਿਵੇਂ ਕਾਗਜ਼ ਉਤੇ ਪਾਣੀ ਦੀ ਬੂੰਦ ਪੈਣ ਨਾਲ ਕਾਗਜ਼ ਗਲ ਜਾਂਦਾ ਹੈ।

ਦੇਹੀ ਕਾਚੀ ਕਾਗਦ ਮਿਕਦਾਰਾ ।।
ਬੂੰਦ ਪਵੈ ਬਿਨਸੈ,ਢਹਤ ਨ ਲਾਗੈ ਬਾਰਾ।।

(ਪੰਨਾ ੧੦੪੮)

ਸਰੀਰ ਇਕ ਕਾਗਜ਼ ਦੀ ਨਿਆਈਂ ਹੈ ਜਦੋਂ ਇਸ ਉਤੇ ਪਾਪਾਂ ਦੇ ਭਖੇ ਹੋਏ ਅੰਗਿਆਰੇ ਪੈਂਦੇ ਹਨ ਤੇ ਇਹ ਸੜ ਕੇ ਸੁਆਹ ਹੋ ਜਾਂਦਾ ਹੈ :-

ਕਾਇਆ ਆਰਣੁ ਮਨੁ ਵਿਚਿ ਲੋਹਾ,
ਪੰਚ ਅਗਨਿ ਤਿਤੁ ਲਾਗਿ ਰਹੀ।।
ਕੋਇਲੇ ਪਾਪ ਪੜੇ ਤਿਸੁ ਊਪਰਿ,
ਮਨੁ ਜਲਿਆ ਸੰਨ੍ਹੀ ਚਿੰਤ ਭਈ।।੩।।

(ਪੰਨਾ ੯੯੦)

ਫਿਰ ਸ੍ਰੀ ਗੁਰੂ ਗ੍ਰੰਥ ਸਾਹਿਬ (ਸ਼ਬਦ-ਗੁਰੂ) ਮਿਲਣ ਤਾਂ ਅੰਮ੍ਰਿਤ-ਨਾਮ ਦੀ ਦਾਤ ਪ੍ਰਾਪਤ ਹੁੰਦੀ ਹੈ ਤੇ ਮਨੁੱਖ ਜੀਵਨ-ਮੁਕਤ ਹੋ ਜਾਂਦਾ ਹੈ , ਜਿਵੇਂ ਸਾਹਿਬਾਂ ਦਾ ਫ਼ੁਰਮਾਨ ਹੈ :-

ਭਇਆ ਮਨੂਰੁ ਕੰਚਨੁ ਫਿਰਿ ਹੋਵੈ,
ਜੇ ਗੁਰੁ ਮਿਲੈ ਤਿਨੇਹਾ।।
ਏਕੁ ਨਾਮੁ ਅੰਮ੍ਰਿਤੁ ਓਹੁ ਦੇਵੈ,
ਤਉ ਨਾਨਕ ਤ੍ਰਿਸਟਸਿ ਦੇਹਾ।।੪।।੩।।

(ਪੰਨਾ ੯੯੦)

ਇਸ ਲਈ ਕੱਚੇ ਗੁਰੂਆਂ ਨਾਲ ਪਿਆਰ ਕਰਨਾ ਵੀ ਕੱਚਾ ਹੈ, ਕਿਉਂਕਿ ਉਹ ਜੀਉਂਦਿਆਂ ਹੀ ਸਾਥ ਛੱਡ ਜਾਂਦੇ ਹਨ। ਪਰ ਸ਼ਬਦ-ਗੁਰੂ ਇਸ ਲੋਕ ਤੇ ਪਰਲੋਕ ਵਿਚ ਸਦਾ ਹੀ ਸਹਾਈ ਹੁੰਦਾ ਹੈ :-

ਨਾਨਕ, ਕਚੜਿਆ ਸਿਉ ਤੋੜਿ,
ਢੂਢਿ ਸਜਣ ਸੰਤ ਪਕਿਆ।।



www.AKJ.Org

ਓਇ ਜੀਵੰਦੇ ਵਿਛੁੜਹਿ,
ਓਇ ਮੁਇਆ ਨ ਜਾਹੀ ਛੋੜਿ॥੧॥
(ਪੰਨਾ ੧੧੦੨)

ਅਜਿਹੇ ਗੁਰੂ ਜਿਤਨਾ ਦਿਲ ਕਰੇ ਬੋਲੀ ਜਾਣ, ਲਾਊਡ ਸਪੀਕਰਾਂ ਰਾਹੀਂ ਵਡੇ ਵਡੇ ਇੱਕਠ ਕਰ ਕੇ ਭੰਡੀ ਪਾਈ ਜਾਣ, ਪਰ ਲੋਕਾਂ ਦਾ ਨਿਸਤਾਰਾ ਨਹੀਂ ਕਰ ਸਕਦੇ। ਅਜਿਹੇ ਗੁਰੂ, ਜਿਹੜੇ ਦੂਜਿਆਂ ਨੂੰ ਸੇਲੀਆਂ ਟੋਪੀਆਂ ਦੇ ਕੇ ਗੱਦੀਆਂ ਚਲਾਉਂਦੇ ਹਨ, ਉਹ ਆਪ ਵੀ ਕਮਲੇ ਹਨ ਅਤੇ ਇਨ੍ਹਾਂ ਪਾਸੋਂ ਝੂਠੇ ਗੁਰ-ਮੰਤਰ ਲੈਣ ਵਾਲੇ ਵੀ ਵਡੇ ਬੇ-ਸ਼ਰਮ ਹਨ। ਇਨ੍ਹਾਂ ਬਾਰੇ ਹੀ ਗੁਰੂ ਜੀ ਨੇ ਹੇਠ ਲਿਖਿਆ ਸਲੋਕ ਉਚਾਰਨ ਕੀਤਾ ਹੈ :-

ਕੁਲਹਾਂ ਦੇਂਦੇ ਬਾਵਲੇ, ਲੈਂਦੇ ਵਡੇ ਨਿਲਜ॥
ਚੂਹਾ ਖਡ ਨ ਮਾਵਈ, ਤਿਕਲਿ ਬੰਨੇ੍ ਛਜ॥
ਦੇਨਿ੍ ਦੁਆਈ ਸੇ ਮਰਹਿ,
ਜਿਨ ਕਉ ਦੇਨਿ ਸਿ ਜਾਹਿ॥
ਨਾਨਕ, ਹੁਕਮੁ ਨ ਜਾਪਈ,
ਕਿਥੈ ਜਾਇ ਸਮਾਹਿ॥ (ਪੰਨਾ੧੨੮੬)

ਭਾਈ ਗੁਰਦਾਸ ਜੀ ਲਿਖਦੇ ਹਨ ਕਿ-

ਵਿਣੁ ਗੁਣ ਗੁਰੂ ਸਦਾਇੰਦੇ, ਓਇ ਖੋਟੇ ਮੱਠੇ॥
(ਵਾਰ ੩੬, ਪਉੜੀ ੯)

ਅਸਲ ਵਿਚ ਦੇਹ-ਧਾਰੀ ਗੁਰੂਆਂ ਨੂੰ 'ਗੁਰੂ' ਸਦਾਉਣ ਦਾ ਤੇ ਚੇਲਿਆਂ ਨੂੰ 'ਗੁਰੂ' ਬੁਲਾਉਣ ਦਾ ਝਸ ਪਿਆ ਹੋਇਆ ਹੈ, ਜਿਸ ਕਰਕੇ ਉਨ੍ਹਾਂ ਨੂੰ ਆਤਮ-ਰਸ ਦਾ ਸੁਆਦ ਤੇ ਹੁਲਾਰਾ ਸੁਖਾਉਂਦਾ ਹੀ ਨਹੀਂ।

ਸਤਿਗੁਰੂ ਵਿਚ ਪਰਮੇਸ਼ਰ ਵਾਲੇ ਗੁਣ ਹੁੰਦੇ ਹਨ, ਕਿਉਂਕਿ ਪਰਮੇਸ਼ਰ ਨੇ ਆਪਣੀ ਜੋਤਿ-ਕਲਾ ਨੂੰ ਸ਼ਬਦ-ਗੁਰੂ ਵਿਚ ਟਿਕਾਇਆ ਹੋਇਆ ਹੈ। ਤਾਂ ਹੀ ਗੁਰਬਾਣੀ ਵਿਚ ਥਾਂ ਥਾਂ ਤੇ 'ਗੁਰ ਪਰਮੇਸਰੁ ਏਕੋ ਜਾਣੁ' 'ਪਾਰਬ੍ਰਹਮ ਗੁਰ ਨਾਹੀ ਭੇਦ' ਦਾ ਉਪਦੇਸ਼ ਦਿਤਾ ਗਿਆ ਹੈ। ਉਂਜ 'ਸ਼ਬਦ-ਜੋਤਿ' ਸ਼ਕਤੀ ਹਰੇਕ ਵਿਚ ਵਿਚਰ ਰਹੀ ਹੈ, ਪਰ ਉਸ ਦਾ ਕੰਮ (action) ਹਰ ਸਰੀਰ ਵਿਚ ਭਿੰਨ ਭਿੰਨ ਹੈ :-

ਏਕੋ ਪਵਣੁ ਮਾਟੀ ਸਭ ਏਕਾ,
ਸਭ ਏਕਾ ਜੋਤਿ ਸਬਾਈਆ॥
ਸਭ ਇਕਾ ਜੋਤਿ ਵਰਤੈ ਭਿਨਿ ਭਿਨਿ,
ਨ ਰਲਈ ਕਿਸੈ ਦੀ ਰਲਾਈਆ॥
(ਪੰਨਾ ੯੬)

ਸੋ ਨਾਮ-ਮੰਤਰ ਦੀਖਿਆ ਦੇਣ ਵਾਲੀ ਜੋਤਿ-ਸ਼ਕਤੀ ਕੇਵਲ 'ਗੁਰੂ ਗ੍ਰੰਥ-ਪੰਥ' ਵਿਚ ਹੈ, ਕਿਸੇ ਵਿਅਕਤੀ ਕੋਲ ਨਹੀਂ ਹੈ। ਭਰਮ ਦੇ ਛਉੜ ਕਟਣ ਲਈ ਕੇਵਲ ਸਤਿਗੁਰੂ ਜੀ ਸਮਰਥ ਹਨ। ਇਸ ਲਈ ਪਾਤਿਸ਼ਾਹ ਸਾਨੂੰ ਗੁਰਮਤਿ ਦੀ ਸੋਝੀ ਕਰਾਉਂਦੇ ਹੋਏ ਇਉਂ ਉਪਦੇਸ਼ ਦਿੰਦੇ ਹਨ :-

ਗੁਰ ਪੂਰੇ ਕੀ ਪਉ ਸਰਣਾਈ॥
ਮੋਹੁ ਸੋਗੁ ਸਭੁ ਭਰਮੁ ਮਿਟਾਈ॥
ਏਕੋ ਮੰਤ੍ਰੁ ਦ੍ਰਿੜਾਏ ਅਉਖਧੁ,
ਸਚੁ ਨਾਮੁ ਰਿਦ ਗਾਇਣਾ॥੨॥
ਜਿਸੁ ਨਾਮੈ ਕਉ ਤਰਸਹਿ ਬਹੁ ਦੇਵਾ॥
ਸਗਲ ਭਗਤ ਜਾ ਕੀ ਕਰਦੇ ਸੇਵਾ॥
ਅਨਾਥਾ ਨਾਥੁ ਦੀਨ ਦੁਖ ਭੰਜਨੁ,
ਸੋ ਗੁਰ ਪੂਰੇ ਤੇ ਪਾਇਣਾ॥੩॥
ਹੋਰੁ ਦੁਆਰਾ ਕੋਇ ਨ ਸੂਝੈ॥
ਤ੍ਰਿਭਵਣ ਧਾਵੈ ਤਾ ਕਿਛੂ ਨ ਬੂਝੈ॥
ਸਤਿਗੁਰੁ ਸਾਹੁ ਭੰਡਾਰੁ ਨਾਮ ਜਿਸੁ,
ਇਹੁ ਰਤਨੁ ਤਿਸੈ ਤੇ ਪਾਇਣਾ॥੪॥
ਜਾ ਕੀ ਧੂਰਿ ਕਰੇ ਪੁਨੀਤਾ॥
ਸੁਰਿ ਨਰ ਦੇਵ ਨ ਪਾਵਹਿ ਮੀਤਾ॥
ਸਤਿਪੁਰਖੁ ਸਤਿਗੁਰੁ ਪਰਮੇਸਰੁ,
ਜਿਸੁ ਭੇਟਤ ਪਾਰਿ ਪਰਾਇਣਾ॥੫॥
ਪਾਰਜਾਤੁ ਲੋੜਹਿ ਮਨ ਪਿਆਰੇ॥
ਕਾਮਧੇਨੁ ਸੋਹੀ ਦਰਬਾਰੇ॥
ਤ੍ਰਿਪਤਿ ਸੰਤੋਖੁ ਸੇਵਾ ਗੁਰ ਪੂਰੇ,
ਨਾਮ ਕਮਾਇ ਰਸਾਇਣਾ॥੬॥
ਗੁਰ ਕੈ ਸਬਦਿ ਮਰਹਿ ਪੰਚ ਧਾਤੂ॥
ਭੈ ਪਾਰਬ੍ਰਹਮ ਹੋਵਹਿ ਨਿਰਮਲਾ ਤੂ॥
ਪਾਰਸੁ ਜਬ ਭੇਟੈ ਗੁਰੁ ਪੂਰਾ,
ਤਾ ਪਾਰਸੁ ਪਰਸਿ ਦਿਖਾਇਣਾ॥੭॥
ਕਈ ਬੈਕੁੰਠ ਨਾਹੀ ਲਵੈ ਲਾਗੇ॥
ਮੁਕਤਿ ਬਪੁੜੀ ਭੀ ਗਿਆਨੀ ਤਿਆਗੇ॥
ਏਕੰਕਾਰੁ ਸਤਿਗੁਰ ਤੇ ਪਾਈਐ
ਹਉ ਬਲਿ ਬਲਿ ਗੁਰ ਦਰਸਾਇਣਾ॥੮॥
(ਪੰਨਾ ੧੦੭੭-੭੮)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸ਼ਬਦ-ਗੁਰੂ ਹੋਣ ਕਰਕੇ ਹਰ ਥਾਂ ਵਿਆਪਕ ਹਨ, ਘਟ-ਘਟ ਵਿਚ ਭਰਪੂਰ ਹਨ। ਸ਼ਬਦ ਸ਼ਕਤੀ ਜੀਵ ਦੀ ਦੇਸ ਪਰਦੇਸ ਵਿਚ, ਵੇਲੇ ਕੁਵੇਲੇ , ਹਰ ਸਮੇਂ ਰਖਿਆ ਕਰਦੀ ਹੈ, ਪਰ ਦੇਹਧਾਰੀ-ਸ਼ਕਤੀ ਤਿੰਨ ਗੁਣਾਂ ਤੀਕ ਸੀਮਤ ਹੈ। ਉਦਾਹਰਣ ਵਜੋਂ ਜੇ ਕਿਸੇ ਦੇਹਧਾਰੀ ਗੁਰੂ ਨੂੰ ਆਪਣੇ ਕਿਸੇ ਸੇਵਕ ਦੀ



www.AKJ.Org

ਰਛਿਆ ਲਈ ਬਾਹਰ ਪਰਦੇਸ ਵਿਚ ਜਾਣਾ ਪਵੇ ਤਾਂ ਦੇਸ-ਵਾਸੀ, ਸਿਖ ਸੇਵਕਾਂ ਦੀਆਂ ਲੋੜਾਂ ਨੂੰ ਬੋਲ ਕੇ ਪੂਰਾ ਕਰਨ ਵਾਲਾ ਖਪਾ ਕਿਵੇਂ ਪੂਰਿਆ ਜਾ ਸਕਦਾ ਹੈ ? ਕੀ ਗੁਰੂ ਦੀ ਹਜ਼ੂਰੀ ਦੂਰੀ ਵਿਚ ਨਹੀਂ ਬਦਲ ਜਾਵੇਗੀ ? ਪਰ ਸ਼ਬਦ-ਗੁਰੂ ਦੀ ਵੱਡੀ ਮਹਾਨਤਾ ਇਹ ਹੈ ਕਿ ਉਹ ਕਿਸੇ ਵੇਲੇ ਵੀ ਸੰਗ ਛੋੜ ਕੇ ਪਰੇ ਨਹੀਂ ਹੁੰਦਾ।

੧. ਗੁਰੁ ਮੇਰੈ ਸੰਗਿ, ਸਦਾ ਹੈ ਨਾਲੇ।।
(ਪੰਨਾ ੩੯੪)

੨. ਜਹ ਜਾਈਐ ਤਹ ਨਾਲਿ ਮੇਰਾ ਸੁਆਮੀ,
ਹਰਿ ਅਪਨੀ ਪੈਜ ਰਖੈ ਜਨ ਦਾਸਾ।।੧।। ਰਹਾਉ।।
(ਪੰਨਾ ੮੯੦)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਨਾਦ (ਬੋਲ) ਸਮੂਹ ਦਿਸਦੇ ਅਤੇ ਅਣਦਿਸਦੇ ਖੰਡਾਂ, ਬ੍ਰਹਿਮੰਡਾਂ ਵਿਚ ਹਰ ਥਾਂ ਆਪਣੇ ਗੁੰਜਾਰ ਪਾ ਰਿਹਾ ਹੈ, ਪਰ ਜਿਸ ਮਨੁੱਖ ਦੇ ਕੰਨਾਂ ਵਿਚ ਉਲੀ ਚੜ੍ਹੀ ਹੋਵੇ, ਬੋਲਾ ਹੋਵੈ, ਉਹ ਗੁਰੂ ਦੇ ਬੋਲਾਂ ਨੂੰ ਕਿਵੇਂ ਸੁਣ ਸਕਦਾ ਹੈ ! ਜੇ ਗੁਰੂ ਗ੍ਰੰਥ ਸਾਹਿਬ ਜੀ ਬੋਲਦੇ ਨਾ ਹੋਣ ਤਾਂ ਹੇਠ ਲਿਖਿਆ ਸੱਦਾ ਕਿਵੇਂ ਦੇਣ :-

੧. ਬੋਲਿ ਸੁ ਧਰਮੀੜਿਆ ਮੋਨਿ ਕਤ ਧਾਰੀ ਰਾਮ।।
ਤੂ ਨੇਤ੍ਰੀ ਦੇਖਿ ਚਲਿਆ, ਮਾਇਆ ਬਿਉਹਾਰੀ ਰਾਮ।।
(ਪੰਨਾ ੫੪੭)

੨. ਗੁਰਸਿਖ ਹਰਿ ਬੋਲਹੁ ਮੇਰੇ ਭਾਈ।।
ਹਰਿ ਬੋਲਤ, ਸਭ ਪਾਪ ਲਹਿ ਜਾਈ।।੧।। ਰਹਾਉ।।
(ਪੰਨਾ ੧੬੫)

੩. ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ !
ਗਾਵਹੁ ਸਚੀ ਬਾਣੀ।।
ਬਾਣੀ ਤ ਗਾਵਹੁ ਗੁਰੂ ਕੇਰੀ,
ਬਾਣੀਆ ਸਿਰਿ ਬਾਣੀ।।
(ਪੰਨਾ ੯੨੦)

ਗੁਰੂ ਕਾ ਸ਼ਬਦ (ਬੋਲ) ਹਰੇਕ ਮਨੁੱਖ ਨੂੰ ਨਹੀਂ ਸੁਣੀਂਦਾ। ਮਨੁੱਖ ਦੀ ਗੱਲ ਕੇਵਲ ਕੰਨਾਂ ਨਾਲ ਸੁਣੀ ਜਾਂਦੀ ਹੈ, ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸ਼ਬਦ ਕੇਵਲ ਕੰਨਾਂ ਦਾ ਵਿਸ਼ਾ ਨਹੀਂ, ਇਹ ਅੱਖਾਂ ਨਾਲ, ਹਿਰਦੇ ਅੰਦਰ, ਸਰੀਰ ਦੇ ਇਕ ਇਕ ਰੋਮ ਦੁਆਰਾ ਸੁਣਿਆ ਜਾ ਸਕਦਾ ਹੈ। ਗੁਰਬਾਣੀ ਦੇ ਦਿਤੇ ਪ੍ਰਮਾਣਾਂ ਨੂੰ ਸ਼ੰਕਾਵਾਦੀ ਸੱਜਣ ਇਹ ਆਖ ਸਕਦੇ ਹਨ ਕਿ ਇਹ ਬਾਣੀ ਤਾਂ ਗੁਰੂ ਜੀ ਜਦੋਂ ਸਰੀਰ ਕਰਕੇ ਮੌਜੂਦ ਸਨ, ਓਦੋਂ ਦੀ ਉਚਾਰਨ ਕੀਤੀ ਹੋਈ ਹੈ, ਪਰ ਗੁਰੂ ਜੀ ਦੇ ਸਮਕਾਲੀ ਸਿਖਾਂ ਨੇ ਵੀ ਇਸ ਸਿਧਾਂਤ ਦੇ ਮੋਹਰ-ਛਾਪ ਲਾ ਦਿਤੀ ਹੈ :-

ਗੁਰੁ ਦਰਸ ਜਿਹ ਦੇਖਨਾ, ਸ੍ਰੀ ਗ੍ਰੰਥ ਦਰਸਾਇ।।
ਬਾਤ ਕਰਨ ਗੁਰੁ ਸੋਂ ਚਹੈ, ਪੜ੍ਹੈ ਗ੍ਰੰਥ ਮਨ ਲਾਇ।।
(ਗੁਰ ਬਿਲਾਸ)

ਵਰਤਮਾਨ ਸਮੇਂ ਵਿਚ ਅਜਿਹੇ ਗੁਰਸਿਖ ਹੁਣ ਵੀ ਹਨ ਜਿਹੜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਬੜੇ ਪ੍ਰੇਮ ਨਾਲ ਬਚਨ ਕਰਦੇ ਹਨ। ਬਿਨਾਂ ਹੁਕਮ ਦੇ ਕੋਈ ਕੰਮ ਨਹੀਂ ਕਰਦੇ। ਨਿਮਖ ਨਿਮਖ ਨਮਸਕਾਰਾਂ ਕਰਦੇ ਹਨ। ਭਾਈ ਸਾਹਿਬ ਸ਼ੇਰ ਸਿੰਘ ਜੀ ਗੁਰੂ ਸਰ ਸੁਧਾਰ ਵਾਲੇ ਅਜਿਹੇ ਸਜਣਾਂ ਵਿਚੋਂ ਇਕ ਸਨ, ਆਪ ਜੀ ਪ੍ਰਮਾਰਥਕ ਤੇ ਆਰਥਕ ਖੇਤਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹੁਕਮਨਾਮੇ ਅਨੁਸਾਰ ਹੀ ਵਿਚਰਦੇ ਹੁੰਦੇ ਸਨ।

ਸਿਖ ਜਦੋਂ ਮਨੁੱਖ ਦੀ ਟੇਕ ਤੋਂ ਉਤੇ ਉਠਦਾ ਹੈ ਤਾਂ ਇਹ ਗੁਰੂ ਨਾਲ ਗੱਲਾਂ ਕਰਦਾ ਹੈ। ਫਿਰ ਇਸ ਨੂੰ ਗੁਰੂ ਦੇ ਬਚਨ ਸੁਣਾਈ ਦੇਂਦੇ ਹਨ। ਮਨ ਦੀ ਇਕਾਗਰਤਾ ਅਤੇ ਸ਼ਬਦ ਸੁਰਤ ਦੀ ਲਿਵ ਤੋਂ ਬਿਨਾਂ ਗੁਰੂ ਦੇ ਬੋਲਾਂ ਨੂੰ ਸੁਣਨਾ ਸੰਭਵ ਨਹੀਂ। ਆਤਮਕ ਪਵਿੱਤਰਤਾ ਤੋਂ ਮਗਰੋਂ ਹੀ ਉਹ ਕਿਰਪਾ-ਦ੍ਰਿਸ਼ਟੀ ਹੁੰਦੀ ਹੈ ਜਿਸ ਨਾਲ ਮਨੁੱਖੀ ਹਿਰਦੇ ਅੰਦਰ ਜੋਤਿ ਦਾ ਪ੍ਰਕਾਸ਼ ਤੇ ਵਿਗਾਸ ਹੁੰਦਾ ਹੈ।

ਸਭ ਤੋਂ ਵਡੀ ਗੱਲ ਇਹ ਹੈ ਕਿ ਸਿਖ ਦੀ ਗੁਰੂ-ਬਚਨਾਂ ਨਾਲ ਪ੍ਰੀਤ ਹੋਣੀ ਚਾਹੀਦੀ ਹੈ। ਜਦੋਂ ਪ੍ਰਤੀਤ ਹੁੰਦੀ ਹੈ, ਓਦੋਂ ਕੰਨਾਂ ਦੇ ਕਪਾਟ ਖੁਲ੍ਹ ਜਾਂਦੇ ਹਨ। ਫਿਰ ਗੁਰੂ ਦਾ ਗਿਆਨ ਪ੍ਰਪਕਤਾ ਲਿਆਉਂਦਾ ਹੈ ਜਿਸ ਨਾਲ ਹੁਕਮ ਦੀ ਪਛਾਣ ਹੋ ਜਾਂਦੀ ਹੈ :-

ਅਖੀ ਬਾਝਹੁ ਵੇਖਣਾ ਵਿਣੁ ਕੰਨਾ ਸੁਨਣਾ।।
ਪੈਰਾ ਬਾਝਹੁ ਚਲਣਾ, ਵਿਣੁ ਹਥਾ ਕਰਣਾ।।
ਜੀਭੈ ਬਾਝਹੁ ਬੋਲਣਾ, ਇਉ ਜੀਵਤ ਮਰਣਾ।।
ਨਾਨਕ, ਹੁਕਮੁ ਪਛਾਣਿ ਕੈ, ਤਉ ਖਸਮੈ ਮਿਲਣਾ।।੧।।
(ਪੰਨਾ ੧੩੯)

ਦਾਸਰੇ ਨੂੰ ਗੁਰਦੇਵ ਸਦਾ ਆਪਣੀ ਚਰਨ ਸ਼ਰਨ ਵਿਚ ਰਖਣ ਅਤੇ ਹਉਂ ਦੀ ਲੇਸ ਮਾਤਰ ਤੋਂ ਰਹਿਤ ਰਖਣ। ਆਪ ਜੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬੋਲਣ ਬਾਰੇ ਆਪਣੀ ਹੱਡ-ਬੀਤੀ ਸੁਣਾਉਂਦਾ ਹਾਂ। ਜੂਨ ੧੯੫੭ ਵਿਚ ਦਾਸਰੇ ਦੀ ਤਬਦੀਲੀ ਸ਼ਿਮਲੇ ਤੋਂ ਜਲੰਧਰ ਦੀ ਹੋਈ। ਕੁਝ ਦਿਨਾਂ ਬਾਅਦ ਦਾਸ ਨੂੰ ਕੁਝ ਸਰੀਰਕ ਖੇਚਲ ਹੋ ਗਈ। ਦਫ਼ਤਰ ਵਿਚ ਬੈਠਿਆਂ ਬੈਠਿਆਂ ਇਕ ਬਾਂਹ ਨੇ ਆਪਣਾ ਬਲ ਛਡ ਦਿਤਾ, ਬਾਕੀ ਸਰੀਰ ਵੀ ਢਿੱਲਾ ਪੈ ਗਿਆ। ਸਹਿਜੇ ਸਹਿਜੇ ਇਸ ਖੇਚਲ ਨੇ



www.AKJ.Org

ਆਂਪਣਾ ਭਿਆਨਕ ਰੂਪ ਵਟਾ ਲਿਆ। ਕੰਮ ਕਰਦੇ ਕਰਦੇ ਸਰੀਰ ਦਾ ਸਾਰਾ ਬਲ ਖਿਚਿਆ ਜਾਣਾ ਤੇ ਨੀਮ-ਹੋਸ਼ੀ ਵਿਚ ਕੁਰਸੀ ਤੇ ਬੈਠੇ ਰਹਿਣਾ, ਪਰ ਅੰਦਰੋਂ ਇਉਂ ਜਾਪਦਾ ਸੀ ਕਿ ਬਸ ਹੁਣ 'ਚਲਣ ਦਾ ਸਾਜ' ਬਣ ਰਿਹਾ ਹੈ। ਇਕ ਦਿਨ ਦਫ਼ਤਰ ਵਿਚ ਵਧੇਰੇ ਤਕਲੀਫ਼ ਹੋ ਗਈ ਤਾਂ ਦਫ਼ਤਰ ਦੇ ਸਾਥੀਆਂ ਨੇ ਦਾਸਰੇ ਨੂੰ ਉਥੋਂ ਦੇ ਸਿਵਲ ਹਸਪਤਾਲ ਵਿਚ ਦਾਖ਼ਲ ਕਰਾ ਦਿਤਾ। ਸ: ਪਰਤਾਪ ਸਿੰਘ ਸਿਵਲ ਸਰਜਨ ਨੇ ਜਦੋਂ ਚੈਕ ਕੀਤਾ ਤਾਂ ਉਹ ਬੜਾ ਹੈਰਾਨ ਹੋਇਆ। ਆਖਣ ਲਗਾ, ਮਰੀਜ਼ ਤਾਂ ਹੋਰ ਵੀ ਕਈ ਵੇਖੇ ਹਨ ਤੇ ਰੋਜ਼ ਹੀ ਵੇਖਦਾ ਹਾਂ, ਪਰ ਇਸ ਮਰੀਜ਼ ਦੀ ਸਮਝ ਨਹੀਂ ਆਉਂਦੀ। ਇਸ ਦੇ ਸੁਆਸ ਛਾਤੀ ਵਿਚ ਚਲਦੇ ਹਨ, ਪਰ ਬਾਂਹ ਵਿਚੋਂ ਹਰਕਤ ਨਹੀਂ ਕਰਦੇ। ਨਬਜ਼ ਬੜੀ ਮੱਧਮ ਹੈ। ਕੁਝ ਦਿਨ ਉਹਨਾਂ under observation (ਦੇਖ-ਭਾਲ-ਅਧੀਨ) ਰਖਿਆ, ਪਰ ਕੁਝ ਪਤਾ ਨਾ ਲਗਾ। ਅੰਤ ਨੂੰ ਮੈਂ ਤੰਗ ਪੈ ਕੇ ਛੁੱਟੀ ਲੈ ਕੇ ਘਰ ਆ ਗਿਆ। ਮੇਰੇ ਕੁਝ ਮਿੱਤਰ, ਜਿਹੜੇ ਜਲੰਧਰ ਛਾਉਣੀ ਰਹਿੰਦੇ ਸਨ, ਉਨ੍ਹਾਂ ਨੇ ਡਾਕਟਰ ਹਰਿਕਿਸ਼ਨ ਸਿੰਘ ਜੀ ਨੂੰ ਜਾ ਵਿਖਾਇਆ। ਉਹ ਸਾਰਾ ਹਾਲ ਚਾਲ ਪੁਛਣ ਮਗਰੋਂ ਇਹ ਕਹਿਣ ਲਗੇ, "ਭਾਈ ਸਾਹਿਬ ਜੀ ! ਤੁਸੀਂ ਪ੍ਰਾਣਾਯਾਮ ਤਾਂ ਨਹੀਂ ਕਰਦੇ, ਸੁਆਸਾਂ ਨਾਲ ਸਿਮਰਨ-ਅਭਿਆਸ ਤਾਂ ਨਹੀਂ ਕਰਦੇ ?" ਦਾਸਰੇ ਨੇ ਉਤਰ ਵਿਚ ਆਖਿਆ, "ਮੈਂ ਜੋਗੀਆਂ ਵਾਲਾ ਪ੍ਰਾਣਾਯਾਮ ਤਾਂ ਨਹੀਂ ਕਰਦਾ, ਸਹਿਜੇ ਸਹਿਜੇ ਨਾਮ ਜਪਣ ਵਾਲਾ ਅਭਿਆਸ ਜ਼ਰੂਰ ਕਰਦਾ ਹਾਂ। " ਉਹ ਵੀ ਪੁਛ-ਗਿਛ ਕਰਨ ਮਗਰੋਂ ਬੀਮਾਰੀ ਨੂੰ ਦਸਣ ਵਿਚ ਅਸਮੱਰਥ ਹੋ ਗਏ। ਹੁਣ ਘਰ ਵਿਚ ਸਲਾਹ ਬਣਾਈ ਕਿ ਛੁੱਟੀ ਲੈ ਕੇ ਪਟਿਆਲੇ ਚਲੀਏ, ਕਿਉਂਕਿ ਉਥੇ ਸਿਰ ਲੁਕਾਉਣ ਲਈ ਢਾਰਾ ਵੀ ਹੈ ਅਤੇ ਹਵਾ ਪਾਣੀ ਬਦਲਣ ਨਾਲ ਸਿਹਤ ਵਿਚ ਕੁਝ ਫ਼ਰਕ ਵੀ ਪੈ ਜਾਵੇਗਾ। ਲੰਮੀ ਛੁੱਟੀ ਲੈ ਕੇ ਪਟਿਆਲੇ ਆ ਗਏ। ਉਥੇ ਪਹੁੰਚਣ ਸਾਰ ਦੂਜੇ ਦਿਨ ਹੀ ਨੀਊ ਰਾਜਿੰਦਰਾ ਹਸਪਤਾਲ ਵਿਚ ਦਾਸ ਨੂੰ ਦਾਖ਼ਲ ਕਰਵਾ ਦਿਤਾ ਗਿਆ। ਡਾਕਟਰਾਂ ਨੇ ਆਪਣੇ ਵਲੋਂ ਕਾਫ਼ੀ ਦੇਖ ਭਾਲ ਕੀਤੀ, ਪਰ ਬੀਮਾਰੀ ਦੀ ਸਮਝ ਨਾ ਆਈ। ਪਿਸ਼ਾਬ, ਟੱਟੀ, ਖ਼ੂਨ, ਸਭ ਚੀਜ਼ਾਂ ਪਹਿਲਾਂ ਹੀ ਟੈਸਟ ਹੋ ਚੁਕੀਆਂ ਸਨ, ਪਰ ਇਕ ਦਿਨ ਉਨ੍ਹਾਂ ਇਕ ਵੱਡਾ ਸੂਆ ਦਾਸ ਦੀ ਪਿਠ ਵਿਚ ਚਭੋਇਆ। ਉਸ ਨਾਲ ਇਕ ਵਾਰੀ ਤਾਂ ਦਰਦ ਹੋਇਆ, ਪਰ ਫਿਰ ਪਤਾ ਨਹੀਂ ਲਗਾ। ਪਿਛੋਂ ਪੱਤਾ ਲਗਾ ਕਿ ਡਾਕਟਰ ਇਹ ਵੇਖ ਰਹੇ ਸਨ, ਮਤਾਂ ਪਿਠ ਦੇ ਕਿਸੇ ਹਿੱਸੇ ਵਿਚ ਪਾਣੀ ਨਾ ਹੋਵੇ। ਪਰ ਸੂਆ ਚੋਭਣ ਬਾਵਜੂਦ ਉਨ੍ਹਾਂ ਨੂੰ ਵੀ ਬੀਮਾਰੀ ਦਾ ਕੋਈ ਥਹੁ ਪਤਾ ਨਾ ਲਗਾ।

ਜਦੋਂ ਮਨੁੱਖ ਦੁਖੀ ਹੋਵੇ ਤਾਂ ਸੁਭਾਵਕ ਹੀ ਰੱਬ ਚੇਤੇ ਆਉਂਦਾ ਹੈ। ਪਟਿਆਲੇ ਦੇ ਸਤਿਸੰਗੀ ਵੀਰਾਂ ਨੂੰ ਜਦੋਂ ਪਤਾ ਲਗਾ, ਉਹ ਬੀਮਾਰ-ਪੁਰਸੀ ਲਈ ਆਉਣ ਲਗ ਪਏ। ਜਦੋਂ ਪਿਠ ਵਿਚ ਸੂਆ ਚੁਭੋਇਆ ਗਿਆ ਸੀ ਤਾਂ ਓਦੋਂ ਮੇਰੇ ਕੋਲ ਘਰ ਦਾ ਕੋਈ ਮੈਂਬਰ ਨਹੀਂ ਸੀ। ਸੁਭਾਵਕ ਹੀ ਇਕ ਗੁਰਮੁਖ ਵੀਰ ਮਿਲਣ ਲਈ ਆ ਗਏ। ਉਹਨਾਂ ਹੈਰਾਨ ਹੋ ਕੇ ਪੁਛਣ ਲਗੇ, "ਤੁਸਾਂ ਘਰ ਵਾਲਿਆਂ ਨੂੰ ਨਾ ਦਸਿਆ ਕਿ ਏਦਾਂ ਦਾ ਸੂਆ ਲਗਣਾ ਹੈ। " ਦਾਸਰੇ ਨੂੰ ਪਤਾ ਹੀ ਨਹੀਂ ਸੀ, ਇਸ ਲਈ ਕਿਸੇ ਨੂੰ ਕਿਵੇਂ ਦਸਦਾ। ਦਾਸ ਚੁਪ ਕਰ ਰਿਹਾ। ਡਾਕਟਰ ਅਤੇ ਉਸ ਮਿਤਰ ਦੇ ਜਾਣ ਮਗਰੋਂ ਸ਼ਬਦ ਸੁਰਤਿ ਦਾ ਅਜਿਹਾ ਸੰਜੋਗ ਬਝਾ ਕਿ ਸਾਰੇ ਮਿੱਤਰ ਤੇ ਘਰ ਵਾਲੇ ਭੁਲ ਗਏ। ਅੰਤਰ-ਆਤਮੇ ਗੁਰੂ-ਚਰਨਾਂ ਵਿਚ 'ਮੇਰਾ ਦੁਖੁ ਸੁਖੁ ਤੁਝ ਹੀ ਪਾਸੇ' ਵਾਲੀ ਅਰਦਾਸ ਕੀਤੀ। ਅਰਦਾਸ ਵੀ ਬਾਰਿਕ ਵਾਂਗ ਆਪਣੇ ਪਰਮ-ਪਿਤਾ ਉਤੇ ਮੇਹਰ ਨਾਲ ਭਰੀ ਹੋਈ। ਇਉਂ ਆਖੀ ਜਾਵਾਂ, 'ਜੀ ! ਸਤਿਗੁਰੂ ਸਚੇ ਪਾਤਸ਼ਾਹ ਜੀ ! ਮੇਰੇ ਲਈ ਇਹੋ ਥਾਂ ਰਹਿ ਗਈ ਸੀ ਜਿਥੇ ਜਿਸ ਵੇਲੇ ਪਾਸਾ ਪਰਤੇ, ਦੁਖੀਆਂ ਦੀ ਹਾਏ ਹਾਏ, ਕੀਰਨੇ ਤੇ ਰੋਣੇ ! ਇਕ ਪਾਸੇ ਤਾਂ ਨਾਮ ਦੇ ਵਿਸਮਾਦੀ ਰੰਗ ਕੀਰਤਨ ਦੇ ਰਸਿਕ ਹੁਲਾਰੇ, ਨਿਤ ਗੁਰਦੁਆਰੇ ਅਤੇ ਹੁਣ ਇਉਂ ! ਇਹ ਕੀ ? ਮੈਂ ਮੂਰਖ ਹਾਂ, ਮੈਨੂੰ ਸਮਝ ਨਹੀਂ, ਤੁਸਾਂ ਰੰਗਲੇ ਬਾਦਸ਼ਾਹ ਹੋ, ਜਿਥੇ ਰਖੋ ਉਥੇ ਰਹਿਣਾ ਪੈਂਦਾ ਹੈ :-

ਮੇਰੇ ਹਰਿ ਜੀਉ ਸਭੁ ਕੋ ਤੇਰੈ ਵਸਿ।।
ਅਸਾ ਜੋਰੁ ਨਾਹੀ ਜੇ ਕਿਛੁ ਕਰਿ ਹਮ ਸਾਕਹ,
ਜਿਉ ਭਾਵੈ ਤਿਵੈ ਬਖਸਿ।।੧।। ਰਹਾਉ।।
(ਪੰਨਾ ੭੩੬)

ਬਸ ਰਾਤ ਨੂੰ ਏਦਾਂ ਬੇਨਤੀਆਂ ਵਿਚ ਮੇਰੀ ਅੱਖ ਲਗ ਗਈ। ਨਿਤ ਦੇ ਅਭਿਆਸ ਅਨੁਸਾਰ ਅੰਮ੍ਰਿਤ ਵੇਲੇ ਜਾਗ ਖੁਲ੍ਹੀ ਅੰਤਰ-ਆਤਮੇ ਤੋਂ ਅਜਿਹੀ ਪ੍ਰੇਰਨਾ ਮਿਲੀ, ਜਿਸ ਨਾਲ ਮੈਂ ਸਵੇਰੇ ੪ ਵਜੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਮਾਲ ਰੋਡ ਪਟਿਆਲਾ ਵਲ ਮੂੰਹ ਕਰ ਲਿਆ। ਗੁਰੂ ਦਰਬਾਰ ਵਿਚ ਮੱਥਾ ਟੇਕਿਆ। ਉਥੇ ਇਕ ਗੁਰਮੁਖ ਜੋ ਮੇਰੇ ਚੰਗੇ ਜਾਣੂੰ ਸਨ ਸੁਖਮਨੀ ਸਾਹਿਬ ਦਾ ਪਾਠ ਕਰ ਰਹੇ ਸਨ। ਪਾਠ ਦਾ ਭੋਗ ਪਿਆ। ਕੁਝ ਬਚਨ ਉਨ੍ਹਾਂ ਬੜੇ ਪਿਆਰ ਨਾਲ ਸੁਣਾਏ। ਫਿਰ ਮੈਨੂੰ ਕੀਰਤਨ ਲਈ ਆਖਿਆ। ਪਰ ਮੇਰਾ ਸਰੀਰ ਨਰਮ ਹੋਣ ਕਰਕੇ ਮੈਂ ਚੁਪ ਰਿਹਾ। ਭੋਗ ਮਗਰੋਂ ਅਰਦਾਸ ਹੋਈ। ਉਪੰਰਤ


www.AKJ.Org

ਹੁਕਮਨਾਮਾ ਮਿਲਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬੋਲੇ :-ਧਨਾਸਰੀ ਮਹਲਾ ੫॥

ਚਤੁਰ ਦਿਸਾ ਕੀਨੋ ਬਲੁ ਅਪਨਾ,
ਸਿਰ ਊਪਰਿ ਕਰੁ ਧਾਰਿਓ॥
ਕ੍ਰਿਪਾ ਕਟਾਖ੍ਯ ਅਵਲੋਕਨ ਕੀਨੋ,
ਦਾਸ ਕਾ ਦੂਖੁ ਬਿਦਾਰਿਓ॥੧॥
ਹਰਿ ਜਨ ਰਾਖੇ ਗੁਰ ਗੋਵਿੰਦ॥
ਕੰਠਿ ਲਾਇ ਅਵਗੁਣ ਸਭਿ ਮੇਟੇ,
ਦਇਆਲ ਪੁਰਖ ਬਖਸੰਦ॥ ਰਹਾਉ॥
ਜੋ ਮਾਗਹਿ ਠਾਕੁਰ ਅਪਨੇ ਤੇ,
ਸੋਈ ਸੋਈ ਦੇਵੈ॥
ਨਾਨਕ ਦਾਸੁ ਮੁਖ ਤੇ ਜੋ ਬੋਲੈ,
ਈਹਾ ਊਹਾ ਸਚੁ ਹੋਵੈ॥੨॥੧੪॥੪੫॥

(ਪੰਨਾ ੬੮੧)

ਬਸ ਗੁਰੂ ਦੇ ਬੋਲਾਂ ਨੇ ਮੇਰੇ ਹਿਰਦੇ ਅੰਦਰ ਇਹ ਦ੍ਰਿੜ ਕਰਾ ਦਿਤਾ, 'ਦਾਸ ਕਾ ਦੂਖੁ ਬਿਦਾਰਿਓ'। ਮੱਥਾ ਟੇਕ ਗੁਰੂ ਦੀ ਅਸੀਸ ਲੈ ਕੇ ਹਸਪਤਾਲ ਵਲ ਮੁੜ ਪਿਆ। ਡਾਕਟਰ ਦੇ ਪੁਜਣ ਤੋਂ ਪਹਿਲਾਂ ਮੈਂ ਆਪਣੇ ਬੈੱਡ ਤੇ ਪਹੁੰਚ ਗਿਆ ਜਦੋਂ ਡਾਕਟਰ ਵੇਖਣ ਲਈ ਆਇਆ ਤਾਂ ਦਾਸਰੇ ਨੇ ਬੇਨਤੀ ਕੀਤੀ, " ਡਾਕਟਰ ਸਾਹਿਬ ! ਹੁਣ ਮੈਨੂੰ ਛੁੱਟੀ ਦੇ ਦਿਉ ਮੈਂ ਠੀਕ ਹੋ ਗਿਆ ਹਾਂ। " ਡਾਕਟਰ ਆਖਣ ਲਗਾ, " ਤੂੰ ਕਮਲਾ ਹੈ, ਅਜੇ ਤਾਂ ਸਾਨੂੰ ਤੇਰੀ ਬੀਮਾਰੀ ਦਾ ਭੇਦ ਨਹੀਂ ਲਭ ਰਿਹਾ। ਤੂੰ ਕਿਵੇਂ ਕਹਿੰਦਾ ਹੈਂ ਕਿ ਮੈਂ ਠੀਕ ਹੋ ਗਿਆ ਹਾਂ। ਅਸੀਂ ਅਜੇ ਹੋਰ ਕੁਝ ਦਿਨ ਪੜਤਾਲ ਕਰਾਂਗੇ, ਤੁਸੀਂ ਸਬਰ ਕਰੋ।" ਮੈਂ ਡਾਕਟਰ ਦੀ ਇਕ ਵੀ ਨਾ ਮੰਨੀ, ਆਪਣੇ ਦਿਲ ਅੰਦਰ ਇਹੀ ਆਖੀ ਜਾਵਾਂ, ਇਹ ਡਾਕਟਰ ਕਮਲੇ ਹਨ ਇਨ੍ਹਾਂ ਨੂੰ ਉਸ ਵੱਡੇ ਵੈਦ ਦਾ ਪਤਾ ਨਹੀਂ।

'ਮੇਰਾ ਬੈਦੁ ਗੁਰੂ ਗੋਵਿੰਦਾ।'

ਇਸ ਤੋਂ ਪਿਛੋਂ ਘਰ ਦੇ ਜੀਅ ਪੁਛਣ ਲਈ ਆਏ। ਮੈਂ ਸਭ ਨੂੰ ਇਹੋ ਆਖੀ ਜਾਵਾਂ, "ਮੇਰਾ ਇਲਾਜ ਹੋ ਚੁਕਾ ਹੈ। ਮੇਰਾ ਦੂਖੁ ਦੂਰ ਹੋ ਗਿਆ ਹੈ, ਮੇਰੇ ਸਤਿਗੁਰੂ ਨੇ ਮੇਰਾ ਕਲੇਸ਼ ਕਟ ਦਿਤਾ ਹੈ।" ਮੇਰੀਆਂ ਗੱਲਾਂ ਸੁਣ ਸੁਣ ਕੇ ਸਾਰੇ ਹੈਰਾਨ ਹੋਏ ਪਰ ਠੀਕ ਹੋਣ ਦਾ ਯਕੀਨ ਕਿਸੇ ਨੂੰ ਨਾ ਆਵੇ। ਮੈਂ ਗੁਰੂ ਦੇ ਭਰੋਸੇ ਤੇ ਡਾਕਟਰਾਂ ਨੂੰ ਬੇਨਤੀ ਕਰਕੇ ਹਸਪਤਾਲ ਤੋਂ ਛੁਟਕਾਰਾ ਪਾਇਆ।

ਹੁਣ ਘਰ ਵਾਲੇ ਫਿਰ ਤੰਗ ਕਰਨ। ਮੈਂ ਮੁੜ ਮੁੜ ਇਹੋ ਆਖੀ ਜਾਵਾਂ, ਮੇਰਾ ਦੂਖ ਦੂਰ ਹੋ ਗਿਆ ਹੈ। ਇਹ ਸਤਿਗੁਰੂ ਜੀ ਦਾ ਹੁਕਮ ਹੈ। ਪਰ ਉਹ ਧਿੰਗੋ-ਜ਼ੋਰੀ ਮੈਨੂੰ ਵੈਦ-ਰਾਜ ਕੀਰਤੀ ਪ੍ਰਕਾਸ਼ ਕੋਲ ਲੈ ਗਏ। ਉਸ ਨੇ ਵੇਖ ਕੇ ਪੰਜ ਸਤ ਗੋਲੀਆਂ ਦਿਤੀਆਂ। ਗੋਲੀਆਂ ਨੇ ਕੀ ਕਰਨਾ ਸੀ, ਇਹ ਤਾਂ ਘਰ ਵਾਲਿਆਂ ਦੀ ਤਸੱਲੀ ਲਈ ਲੈ ਲਈਆਂ। ਬਸ ਉਸ ਦਿਨ ਮਗਰੋਂ ਅਕਾਲ ਪੁਰਖ ਦੀ ਬੜੀ ਕਿਰਪਾ ਰਹੀ। ਮੁੜ ਉਹ ਤਕਲੀਫ਼, ਜੋ ਜਲੰਧਰ ਸੀ, ਵੇਖਣ ਵਿਚ ਨਹੀਂ ਆਈ। ਕਿਉਂਕਿ ਉਸ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬੋਲ ਨੇ ਨਸਾ ਦਿਤਾ ਸੀ :-

ਨਸਿ ਵੰਞਹੁ ਕਿਲਵਿਖਹੁ, ਕਰਤਾ ਘਰਿ ਆਇਆ॥
ਦੂਤਹ ਦਹਨੁ ਭਇਆ, ਗੋਵਿੰਦੁ ਪ੍ਰਗਟਾਇਆ॥

(ਪੰਨਾ ੪੬)

ਸੋ ਜਦੋਂ ਇਸਤਰ੍ਹਾਂ ਦੀਆਂ ਖੇਡਾਂ ਜੀਵਨ ਵਿਚ ਵਾਪਰਨ ਤਾਂ ਪਤਾ ਲਗਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕਿਵੇਂ ਬੋਲਦੇ ਹਨ।

ਮਿਠਬੋਲੜਾ ਜੀ, ਹਰਿ ਸਜਣੁ ਸੁਆਮੀ ਮੋਰਾ॥
ਹਉ ਸੰਮਲਿ ਥਕੀ ਜੀ, ਓਹੁ ਕਦੇ ਨ ਬੋਲੈ ਕਉਰਾ॥

(ਪੰਨਾ ੭੮੪)

---

## ਸ਼ਬਦ ਗੁਰੂ

(ਗੁਰਭੇਜ ਸਿੰਘ ਬਾਦਸ਼ਾਹ ਪੁਰ)

ਮਿਠਾ ਤਾਂ ਹਰ ਕੋਈ ਖਾ ਸਕਦਾ,
ਕੌੜਾ ਕੋਈ ਕੋਈ ਖਾਂਵਦਾ ਏ।
ਝੂਠੇ ਦੁਆਰੇ ਸਾਰੇ ਤੁਰ ਪੈਂਦੇ,
ਸੱਚੇ ਦਰ ਕੋਈ ਕੋਈ ਜਾਂਵਦਾ ਏ।
ਮਨਮੁੱਖਾਂ ਦੀ ਸੇਵਾ ਕਰੇ ਹਰ ਕੋਈ,
ਗੁਰਮੁੱਖਾਂ ਨੂੰ ਕੋਈ ਕੋਈ ਚਾਹਵਦਾਂ ਏ।
ਗੁਰੂ ਗ੍ਰੰਥ ਸਾਹਿਬ ਦੇ ਦਰ ਆਇਆ ਕਰ ਬੰਦਿਆ,
ਕਿਉ ਪਾਖੰਡੀ ਡੇਰਿਆਂ ਤੇ ਜਾਂਵਦਾ ਏਂ।
ਸੁਖਮਨੀ ਦੁਖੀਆਂ ਤਾਂਈ ਸੁਖ ਦੇਵੇ,
ਆਪਣੀ ਆਤਮਾ ਕਿਉ ਦੁਖਾਂ ਵਿੱਚ ਪਾਵਦਾਂ ਏਂ।
ਬਾਣੀ ਸਭ ਨਾਲ ਪਿਆਰ ਕਰਨ ਵਾਲੀ,
ਸਬਦ ਗੁਰੂ ਨੂੰ ਕਿਉ ਭੁਲਾਂਵਦਾ ਏਂ।
ਐਸੇ ਗੁਰੂ ਦੇ ਬਲਿਹਾਰੇ ਜਾਈਏ ਜੀ,
ਜੋ ਸਾਰੇ ਦੁਖਾਂ ਤੋਂ ਬਚਾਵਦਾਂ ਏ।
ਪੰਜਾਂ ਬਾਣੀਆਂ ਦਾ ਨਿਤਨੇਮ ਕਰਿਆ ਕਰ,
'ਗੁਰਭੇਜ' ਕਿਉਂ ਉਸ ਤੋਂ ਦਿਲ ਚੁਰਾਵਦਾਂ ਏਂ।


www.AKJ.Org

# ਸ਼ਬਦ-ਸੁਰਤਿ ਲੀਨਤਾ-ਰਸੀਲਾ ਅਨੰਦ

(ਮਹਿੰਦਰ ਸਿੰਘ ਚਚਰਾੜੀ)

ਗੁਰੂ ਸਾਹਿਬਾਨਾਂ ਦੇ ਪਵਿੱਤਰ ਮੁਖਾਰਬਿੰਦ ਤੋਂ ਉਚਾਰਣ ਹੋਈ ਸ਼ਾਬਦਿਕ ਰਚਨਾ ਦੇ ਸੰਗ੍ਰਹਿ ਜੁਗੋ ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਸਮੁੱਚੀ ਲੋਕਾਈ ਨੂੰ ਸੇਧਦਾਤਾ ਹਨ। ਗੁਰੂ ਗ੍ਰੰਥ ਸਾਹਿਬ ਜੀ ਅੰਦਰ ਅੰਕਿਤ ਗੁਰ ਸ਼ਬਦਾਂ ਦੇ ਅਭਿਆਸ ਨਾਲ ਪਰਮਪੁਰਖ ਵਾਹਿਗੁਰੂ ਦੇ ਦੁਰਲੱਭ ਦਰਸ਼ਨ ਨਸੀਬ ਹੁੰਦੇ ਹਨ, ਤਾਹੀਓਂ ਤਾਂ ਗੁਰੂ ਜੀ ਦੇ ਇਸ ਸਕਲਪ ਦਾ ਜਾਪ ਰੋਜ਼ਾਨਾ ਕੀਤਾ ਜਾਂਦਾ ਹੈ ਕਿ:-

ਆਗਿਆ ਭਈ ਅਕਾਲ ਕੀ ਤਬੈ ਚਲਾਯੋ ਪੰਥ॥
ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ॥

ਸ਼ਬਦ ਵਿਚ ਸੁਰਤਿ ਨੂੰ ਲੀਨ ਕਰਨ ਨਾਲ ਅਸੀਮ ਰਸੀਲਾ ਅਨੰਦ ਪ੍ਰਾਪਤ ਹੁੰਦਾ ਹੈ। ਗੁਰਬਾਣੀ ਦੇ ਅਧਿਐਨ ਕਰਨ ਉਪਰੰਤ ਇਹ ਨਿਰਣਾ ਸਹਿਜੇ ਹੀ ਹੋ ਜਾਂਦਾ ਹੈ ਕਿ ਸੰਸਾਰਕ ਅਨੰਦ ਫਿੱਕੇ ਅਤੇ ਵਾਹਿਗੁਰੂ ਦਰਸ਼ਨਾਂ ਦਾ ਅਨੰਦ ਮਿੱਠਾ ਅਤੇ ਰਸੀਲਾ ਹੁੰਦਾ ਹੈ। ਜਦੋਂ ਤੱਕ ਸੰਸਾਰਕ ਅਨੰਦ ਦੀ ਲਾਲਸਾ ਮਨ ਵਿਚ ਬਣੀ ਰਹਿੰਦੀ ਹੈ, ਉਦੋਂ ਤੱਕ ਸਦੀਵੀ ਅਨੰਦ ਦਾ ਸੁਪਨਾ ਲੈਣਾ ਨਿਰਰਥਕ ਹੈ। ਹੁਣ ਸੁਆਲ ਉਠਦਾ ਹੈ ਕਿ ਇਨਸਾਨ ਨੂੰ ਇਸਤਰੀ ਮਾਇਆ, ਧਨ, ਜਾਇਦਾਦ, ਖਾਣ-ਪੀਣ ਵਾਲੇ ਪਦਾਰਥਾਂ ਦੇ ਰਸ ਮਿੱਠੇ ਕਿਉਂ ਲੱਗਦੇ ਹਨ? ਸਪੱਸ਼ਟ ਹੈ:-

ਰਾਮੁ ਨਾਮੁ ਘਟ ਅੰਤਰਿ ਨਾਹੀ
ਹੋਰਿ ਜਾਣੈ ਰਸ ਕਸ ਮੀਠੇ॥ (ਪੰਨਾ ੭੫)

ਇਸਦੇ ਨਾਲ ਨਾਲ ਇਕ ਗੱਲ ਚਿੱਟੇ ਦਿਨ ਵਾਂਗ ਸਾਫ਼ ਹੈ ਕਿ ਮਨੁੱਖ ਜਿੰਨੇ ਮਰਜ਼ੀ ਪਦਾਰਥਕ ਰਸ ਮਾਣ ਲਵੇ, ਪਰ ਉਸ ਦੀ ਤਸੱਲੀ ਨਹੀਂ ਹੁੰਦੀ ਕਿਉਂਕਿ :-

ਆਨ ਰਸਾ ਜੇਤੇ ਤੈ ਚਾਖੇ॥
ਨਿਮਖ ਨ ਤ੍ਰਿਸਨਾ ਤੇਰੀ ਲਾਥੇ ॥ (ਪੰਨਾ ੧੮੦)

ਗੁਰਬਾਣੀ ਦਾ ਸੇਧਤ ਫੈਸਲਾ ਹੈ ਕਿ ਸ਼ਬਦ ਦੀ ਕਮਾਈ ਤੋਂ ਬਗ਼ੈਰ ਮਨੁੱਖ ਸਦੀਵੀ ਅਨੰਦ ਪ੍ਰਾਪਤ ਕਰ ਹੀ ਨਹੀਂ ਸਕਦਾ। ਗੁਰਬਾਣੀ ਦੇ ਕਾਵਿਮਈ ਅੰਗਾਂ ਨੂੰ ਸ਼ਬਦਾਂ ਦੀ ਰਹਿਤ 'ਚ ਬੰਨ੍ਹ ਕੇ ਗੁਰੂ ਸਾਹਿਬਾਨਾਂ ਨੇ ਸਾਨੂੰ ਸ਼ਬਦ ਗੁਰੂ ਦੇ ਲੜ ਲਾਇਆ ਹੈ। ਹੁਣ ਸ਼ਬਦ ਗੁਰੂ ਦੀ ਆਰਾਧਨਾ ਲਈ 'ਸ਼ਬਦ' ਦੀ ਪਰਿਭਾਸ਼ਾ ਦਾ ਗਿਆਨ ਵੀ ਲੋੜੀਂਦਾ ਹੈ। ਸ਼ਬਦ ਦਾ ਭਾਵ ਹੈ:- ਬੋਲ, ਲਫਜ਼, ਗੱਲ, ਕਥਨ, ਭਾਸ਼ਣ, ਖ਼ਬਰ, ਸੁਨੇਹਾ, ਆਗਿਆ, ਹੁਕਮ, ਪ੍ਰਣ, ਵਾਅਦਾ, ਬਚਨ, ਇਤੀਆਦਿਕ। ਸ਼ਬਦ ਨੂੰ ਵਿਦਵਾਨਾਂ ਨੇ ਚਾਰ ਪ੍ਰਕਾਰ ਦਾ ਨਿਰਧਾਰਤ ਕੀਤਾ ਹੈ-

(ੳ) ਪਰਾ - ਮੂਲਾਧਾਰ ਵਿਚ ਰਹਿਣ ਵਾਲਾ ਸ਼ਬਦ।
(ਅ) ਪਸ਼ਯੰਤੀ- ਮੂਲਾਧਾਰ ਤੋਂ ਉੱਠ ਕੇ ਹਿਰਦੇ ਵਿਚ ਆਇਆ ਸ਼ਬਦ।
(ੲ) ਮੱਧਮਾ - ਹਿਰਦੇ ਤੋਂ ਕੰਠ ਵਿੱਚ ਆਇਆ ਸ਼ਬਦ।
(ਸ) ਬੈਖਰੀ - ਮੁਖ ਤੋਂ ਉਚਾਰਣ ਹੋਇਆ ਸ਼ਬਦ।

ਗੁਰਬਾਣੀ ਵਿਚ ਦਰਜ ਸ਼ਬਦ ਬੈਖਰੀ ਕਿਸਮ ਤੱਕ ਅਪੜਣ ਦਾ ਅਨੁਸਾਰੀ ਹੈ। ਇਸ ਬੈਖਰੀ ਸ਼ਬਦ ਦੀ ਆਰਾਧਨਾ ਨਾਲ ਇਕ ਰਸੀਲਾ ਅਨੰਦ ਪ੍ਰਾਪਤ ਹੁੰਦਾ ਹੈ, ਜੋ ਵਾਹਿਗੁਰੂ ਮਿਲਾਪ ਕਰਵਾ ਕੇ ਚੁਰਾਸੀ ਦਾ ਗੇੜਾ ਮੁਕਾ ਦਿੰਦਾ ਹੈ। ਇਸ ਰਾਹ ਤੇ ਤੁਰਨ ਦਾ ਸੌਖਾ ਤਰੀਕਾ ਗੁਰਬਾਣੀ ਵਿਚ ਦਰਜ਼ ਹੈ, ਜੋ ਅਸੀਂ ਹਰ ਰੋਜ਼ ਅਵੇਸਲੇ ਜਿਹੇ ਰਟਨ ਕਰਨ ਵਾਂਗ ਪੜ੍ਹ ਕੇ ਛੱਡ ਦਿੰਦੇ ਹਾਂ। ਲੋੜ ਹੈ ਇਸ ਫ਼ੁਰਮਾਨ ਪ੍ਰਤੀ ਚੇਤੰਨਤਾ ਅਤੇ ਵਚਨਬੱਧਤਾ ਪੈਦਾ ਕਰਕੇ ਅਮਲ ਕਰਨ ਦੀ -

ਅੰਤਰਿ ਗੁਰੁ ਆਰਾਧਣਾ ਜਿਹਵਾ ਜਪਿ ਗੁਰ ਨਾਉ॥
ਨੇਤ੍ਰੀ ਸਤਿਗੁਰੁ ਪੇਖਣਾ ਸ੍ਰਵਣੀ ਸੁਨਣਾ ਗੁਰ ਨਾਉ॥
ਸਤਿਗੁਰ ਸੇਤੀ ਰਤਿਆ ਦਰਗਹਿ ਪਾਈਐ ਨਾਉ॥

ਭਾਵ ਹਿਰਦੇ ਅੰਦਰ ਗੁਰਮੰਤ੍ਰ ਦਾ ਅਖੰਡ ਜਾਪ, ਅਤੇ ਮੁਖ ਤੋਂ ਵੀ ਉਹੋ ਜਾਪ ਹੋਣ ਨਾਲ ਸੁਰਤੀ ਵਾਹਿਗੁਰੂ ਪ੍ਰਾਪਤੀ ਵਾਲੇ ਰਾਹ ਤੇ ਤੁਰ ਪੈਂਦੀ ਹੈ ਅਤੇ ਵਧੇਰੇ ਜਾਪ ਕਰਨ ਨਾਲ ਕਦਮ ਦਰ ਕਦਮ ਅੱਗੇ ਨੂੰ ਵੱਧਦੀ ਜਾਂਦੀ ਹੈ। ਅੱਖਾਂ ਨਾਲ ਸਰਗੁਣੀ ਵਾਹਿਗੁਰੂ ਦਾ ਦੀਦਾਰ ਕਰਨਾ ਅਤੇ ਕੰਨਾਂ ਰਾਹੀਂ ਅਖੰਡ ਧੁਨੀ ਦਾ ਜਾਪ ਸੁਨਣਾ ਵਾਹਿਗੁਰੂ ਜੀ ਦੇ ਨੇੜੇ ਪੁੱਜਣ ਦੀਆਂ ਨਿਸ਼ਾਨੀਆਂ ਹਨ। ਇਸ ਤਰ੍ਹਾਂ ਦੇ ਗੁਰਮੁਖ ਜਨ ਰਸੀਲੇ ਅਨੰਦ ਦਾ ਰਸ ਪੀਂਦੇ ਹੋਏ ਵਾਹਿਗੁਰੂ ਵਿਚ ਲੀਨ ਹੋਏ ਰਹਿੰਦੇ ਹਨ-ਜਿਉਂਦੇ ਜੀ ਅਤੇ ਮਰਨ ਉਪੰਰਤ ਵੀ।

ਸ਼ਬਦ-ਸੁਰਤਿ ਦੇ ਰਸੀਲੇ ਮਾਰਗ ਦੇ ਪਾਂਧੀ ਬਨਣ ਲਈ ਸਤਸੰਗਤ ਦਾ ਮੇਲ ਅਤੀ ਲੋੜੀਂਦਾ ਹੈ। ਸਤਸੰਗਤ ਵਿਚ ਇਸ ਮਾਰਗ ਦੀਆਂ ਗੂਹੜ ਗੱਲਾਂ ਹੁੰਦੀਆਂ ਹਨ, ਜੋ ਪਰਮਾਰਥ ਦੇ ਪਾਂਧੀ ਲਈ ਸਹਾਇਕ ਹਨ। ਇਸ ਮਾਰਗ ਤੇ ਚਲਦਿਆਂ ਕੁਝ ਉਚਾਈ ਉਪਰ ਜਾ ਕੇ ਆਧੀਆਂ-ਬਿਆਧੀਆਂ-ਉਪਾਧੀਆਂ ਦਾ ਪਹਿਰਾ ਵੀ ਆਉਂਦਾ ਹੈ

(ਬਾਕੀ ਪੰਨਾ ੨੨ ਤੇ)



www.AKJ.Org

# ਅਲੌਕਿਕ ਸ਼ਕਤੀ ਦੇ ਭੰਡਾਰ

(ਪ੍ਰਿੰ: ਸੱਜਣ ਸਿੰਘ ਜੀ 618/6 ਗੋਬਿੰਦਪੁਰੀ, ਕਾਲਕਾ ਜੀ, ਨਵੀਂ ਦਿੱਲੀ)

ਇਕ ਸਮਾਂ ਐਸਾ ਰਿਹਾ ਤੇ ਬਹੁਤ ਲੰਮਾ ਸਮਾਂ ਜਦ ਅਧਿਆਤਮਕ ਉਚਿਆਈ ਦੀ ਕਸੌਟੀ ਰਿੱਧੀ ਸਿੱਧੀ ਤੇ ਕਰਾਮਾਤੀ ਸ਼ਕਤੀ ਸੀ। ਕਿਸੇ ਗੁਰ ਪੀਰ ਦੀ ਪਰਖ ਉਸ ਦੇ ਮੁਅਜਜ਼ਿਆਂ ਦੁਆਰਾ ਕੀਤੀ ਜਾਂਦੀ ਸੀ। ਲੋਕਾਈ ਤਾਂ ਅਨਭੋਲ ਤੇ ਅਗਿਆਨੀ ਸੀ ਹੀ, ਪਰਮਾਰਥ ਦੇ ਪਾਂਧੀ ਵੀ ਕਠਨ ਤਪੱਸਿਆ ਕਰਕੇ ਸ਼ਕਤੀਆਂ ਦੇ ਉਪਾਸਕ ਰਹੇ। ਸਤਿਗੁਰੂ ਨਾਨਕ ਦੇਵ ਜੀ ਨੇ ਸਾਧਾਂ, ਸੰਤਾਂ ਵਲੀਆਂ ਤੇ ਸਿੱਧਾਂ ਨੂੰ ਦ੍ਰਿੜਤਾ ਸਹਿਤ ਨਾਮ ਦੀ ਮਹਿਮਾ ਦਰਸਾਈ ਤੇ ਦਲਦਲ ਸਮਾਨ ਦੁਨਿਆਈ ਸ਼ਕਤੀਆਂ ਤੋਂ ਸਾਵਧਾਨ ਰਹਿਣ ਦਾ ਉਪਦੇਸ਼ ਦਿੱਤਾ। ਮੁਗਲਾਂ ਨੇ ਹਿੰਦੁਸਤਾਨ ਤੇ ਹਮਲਾ ਕੀਤਾ ਤਾਂ ਪੀਰਾਂ, ਕੀਰਾ ਨੇ ਦੇਸ਼ ਬਚਾਉਣ ਲਈ ਆਪਣੀਆਂ ਸੇਵਾਵਾਂ ਹਕੂਮਤ ਨੂੰ ਪੇਸ਼ ਕੀਤੀਆ ਤੇ ਹਮਲਾਵਰਾਂ ਦਾ ਮੂੰਹ ਤੋੜਨ ਲਈ ਨਾਮਧਾਰੀਕ ਰੂਹਾਨੀ ਸ਼ਕਤੀਆਂ ਦੀ ਵਰਤੋਂ ਕੀਤੀ ਪਰ ਕੋਈ ਪੇਸ਼ ਨਾ ਗਈ। ਉਸ ਸਮੇਂ ਗੁਰਦੇਵ ਜੀ ਨੇ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਕੀਤਾ ਕਿ ਇਨ੍ਹਾਂ ਸ਼ਕਤੀਆਂ ਦੀ ਸੀਮਾ ਹੁੰਦੀ ਹੈ ਤੇ ਗਲਤ ਦੁਆਈ ਵਾਂਗਰ ਇਹ ਭੀ ਬੇਅਸਰ ਸਿੱਧ ਹੁੰਦੀਆਂ ਹਨ। ਐਸ਼ੋ ਇਸ਼ਰਤ ਵਿੱਚ ਫਸ ਕੇ ਤੇ ਫੌਜੀ ਤਾਕਤ ਨੂੰ ਮਜ਼ਬੂਤ ਕਰਨ ਦੀ ਬਜਾਏ ਪੀਰਾਂ ਫਕੀਰਾਂ ਦੀ ਓਟ ਤੱਕਣ ਤੋਂ ਬਾਦਸ਼ਾਹ ਨੂੰ ਖੁਆਰੀ ਮਿਲਣੀ ਹੈ। ਜਿੱਤ ਨਹੀਂ। ਫ਼ੁਰਮਾਨ ਹੈ :-

ਕੋਟੀ ਹੂ ਪੀਰ ਵਰਜਿ ਰਹਾਏ ਜਾ ਮੀਰੁ ਸੁਣਿਆ ਧਾਇਆ।।
ਥਾਨ ਮੁਕਾਮ ਜਲੇ ਬਿਜ ਮੰਦਰ, ਮੁਛਿ ਮੁਛਿ ਕੁਇਰ ਰੁਲਾਇਆ।।
ਕੋਈ ਮੁਗਲੁ ਨ ਹੋਆ ਅੰਧਾ, ਕਿਨੈ ਨ ਪਰਚਾ ਲਾਇਆ।।੪।।
(ਆਸਾ ਮਹਲਾ ੧ ੪੧੭-੮)

ਰਿਧਿ ਸਿਧਿ ਪ੍ਰਾਪਤੀ ਦੇ ਦੋ ਮੁੱਖ ਵਰਗ ਹਨ:-

(੧) ਨਾਮ ਅਭਿਆਸ ਕਮਾਈ ਕਰਨ ਨਾਲ ਇਕ ਅਵਸਥਾ ਐਸੀ ਆਉਂਦੀ ਹੈ ਕਿ ਰਿੱਧੀਆਂ ਸਿੱਧੀਆਂ ਆਪਣੇ ਆਪ ਆਉਂਦੀਆਂ ਹਨ ਤੇ ਸੇਵਾ ਕਰਨ ਲਈ ਬੇਨਤੀ ਕਰਦੀਆਂ ਹਨ।

(੨) ਚਾਲੀਹੇ ਕਟ ਕੇ, ਅਰਥਾਤ ੪੦ ਦਿਨ ਲਗਾਤਾਰ ਨਿਯਮ ਦੀ ਪਾਲਣਾ ਕਰਕੇ ਪਾਠ ਜਾਂ ਮੰਤਰ ਦੁਆਰਾ ਸ਼ਕਤੀ ਪ੍ਰਾਪਤ ਕਰਨੀ। ਹਮਜ਼ਾ ਗੌਂਸ, ਕ੍ਰੋਧ ਵਿੱਚ ਜਲਿਆ, ਚਾਲੀਹਾ ਪੂਰਨ ਕਰਕੇ ਮੁਲਤਾਨ ਨੂੰ ਗਰਕ ਕਰਨ ਤੇ ਤੁਲਿਆ ਹੋਇਆ ਸੀ ਪਰ ਕਾਮਲ ਸਤਿਗੁਰੂ ਜੀ ਨੇ ਐਨ ਮੌਕੇ ਤੇ ਪਹੁੰਚ ਕੇ ਉਸ ਦੇ ਗੁੱਸੇ ਨੂੰ ਸ਼ਾਂਤ ਕੀਤਾ। ਇਸ ਮਾਰਗ ਤੇ ਚੱਲਣ ਵਾਲੇ, ਆਮ ਤੌਰ ਤੇ ਤੋੜਦੇ ਹਨ, ਜੋੜਦੇ ਨਹੀਂ, ਇਨ੍ਹਾਂ ਦੀ ਕਰਨੀ ਵਿੱਚ ਸਚਾਈ ਘੱਟ ਹੁੰਦੀ ਹੈ, ਪਾਖੰਡ ਜ਼ਿਆਦਾ। ਨਾਮ ਰਸ ਦੇ ਸੌਦੇ ਨਾਲ ਇਨ੍ਹਾਂ ਦਾ ਵਾਹ ਨਹੀਂ ਕਿਉਂਕਿ ਇਹ ਸਦਾ ਸ਼ੋਭਾ ਵਡਿਆਈ, ਪ੍ਰਸਿੱਧਤਾ, ਮਾਨਤਾ ਤੇ ਮਾਇਆ ਦੇ ਖਾਮ ਰਸ ਵਿੱਚ ਖਚਿੱਤ ਰਹਿੰਦੇ ਹਨ। ਜਿਉਂ ਕੋਇਲੇ ਦੇ ਬਿਉਪਾਰ ਵਿੱਚ ਕਾਲਖ ਲੱਗ ਹੀ ਜਾਂਦੀ ਹੈ ਤਿਉਂ ਇਨ੍ਹਾਂ ਦੀ ਸੰਗਤ ਇਨ੍ਹਾਂ ਦੇ ਮੇਲ ਪਿਆਰ ਤੋਂ ਗੁਰਮਤਿ ਦ੍ਰਿੜਤਾ ਤੇ ਚੋਟ ਵਜੱਦੀ ਹੈ ਤੇ ਸ਼ਬਦ ਗੁਰੂ ਦੇ ਵਿਸ਼ਵਾਸ਼ ਤੇ ਵਿਘਨ ਪੈਂਦੇ ਹਨ।

ਪੂਰਨ ਗੁਰਦੇਵ ਜੀ ਨੇ ਆਪਣੇ ਪਿਆਰੇ ਗੁਰਸਿੱਖਾਂ ਨੂੰ ਸਪਸ਼ਟ ਰੂਪ ਵਿਚ ਦਸਿਆ ਕਿ "ਰਿਧਿ ਸਿਧਿ ਅਵਰਾ ਸਾਦ" (ਜਪ ਨੀਸਾਣੁ) ਅਰਥਾਤ ਜਿਹੜਾ ਰਸ ਤੇ ਸੁਆਦ ਨਾਮ ਰਸ ਵਿਚ ਹੈ, ਉਹ ਰਿੱਧੀ ਸਿੱਧੀ ਵਿੱਚ ਨਹੀਂ। ਕਰਾਮਾਤਾਂ ਦਾ ਪ੍ਰਗਟਾਵਾ ਪ੍ਰਭੂ ਦੇ ਪਿਆਰ ਤੋਂ ਦੂਰ ਕਰਦਾ ਹੈ। ਹੀਰੇ ਮੋਤੀ, ਸੁੰਦਰ ਮੰਦਰ, ਸੁਗੰਧੀ ਇਸਤ੍ਰੀ ਤੇ ਕਰਾਮਾਤਾਂ ਦਾ ਪ੍ਰਭਾਵ ਏਨਾ, ਪਰਬਲ ਹੁੰਦਾ ਹੈ ਕਿ ਹਰਦਮ ਸਹਸਾ ਲੱਗਾ ਰਹਿੰਦਾ ਹੈ ਕਿ ਐਸਾ ਨ ਹੋਵੇ ਕਿ ਪਰਮਾਤਮਾ ਦਾ ਨਾਉਂ ਵਿਸਰ ਜਾਵੇ। ਫ਼ੁਰਮਾਨ ਹੈ:-

ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ।।
ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ।।
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ।।੩।।
(ਸਿਰੀ ਰਾਗ ਮਹਲਾ ੧-੧੪)

ਆਰੰਭ ਵਿੱਚ ਰਿਧਿ ਸਿਧਿ ਦਾ ਰੂਪ ਕੁਛ ਵੀ ਹੋਵੇ, ਪਰ ਵਾਸਤਵ ਵਿਚ ਇਸ ਦਾ ਸੰਬੰਧ ਪਰਉਪਕਾਰ ਨਾਲ ਨਹੀਂ, ਚਸਕੇ ਨਾਲ ਹੈ, ਦੈਵੀ ਗਿਆਨ ਨਾਲ ਨਹੀਂ, ਨਿੱਜੀ ਉਸਤਤਿ ਨਾਲ ਹੈ। ਜਿਉਂ ਦਲਦਲ ਤੋਂ ਨਿਕਲਣਾ ਕਠਨ ਹੈ, ਤਿਉਂ ਰਿਧਿ ਸਿਧਿ ਦੇ ਚੱਕਰ ਤੋਂ ਨਿਕਲਣਾ ਔਖਾ ਹੈ। ਇਹ ਚਿੱਕੜ ਹੈ, ਮੋਹ ਹੈ, ਲਗਾਉ (attachment) ਹੈ। ਪ੍ਰਭੂ ਦੇ ਮਾਰਗ ਤੇ ਜਾਣ ਲਈ ਰਾਸਤਾ ਸਮਤਲ, ਸਾਫ ਤੇ ਸੁੱਕਾ ਚਾਹੀਦਾ ਹੈ। ਮੋਹ ਦੇ ਚਿੱਕੜ ਵਿਚ ਕਦਮ ਪੁੱਟਣੇ ਔਖੇ ਜਾਂ ਅਸੰਭਵ ਹਨ, ਇਉਂ ਨਾਮ ਦਾ ਵਾਸਾ ਕਿੰਜ ਹੋਵੇ ? ਇਸ ਦਾ ਉੱਤਰ ਵੀ ਦਾਤਾਰ ਪਿਤਾ ਜੀ ਆਪ ਦਿੰਦੇ ਹਨ।

ਸਲੋਕ ਮ: ੩।। ....

ਰਿਧਿ ਸਿਧਿ ਸਭੁ ਮੋਹੁ ਹੈ
ਨਾਮੁ ਨ ਵਸੈ ਮਨਿ ਆਇ।।
ਗੁਰ ਸੇਵਾ ਤੇ ਮਨੁ ਨਿਰਮਲੁ ਹੋਵੈ



www.AKJ.Org

ਅਗਿਆਨੁ ਅੰਧੇਰਾ ਜਾਇ।।
ਨਾਮੁ ਰਤਨੁ ਘਰਿ ਪਰਗਟੁ ਹੋਆ
ਨਾਨਕ ਸਹਜਿ ਸਮਾਇ।।੧।।

(ਵਡਹੰਸ ਕੀ ਵਾਰ ਮਹਲਾ ੪-੫੯੩)

*ਸੰਤ ਜਨ ਚਾਲੀਹੇ ਵਿਚ ਵਿਸ਼ਵਾਸ਼ ਨਹੀਂ ਰੱਖਦੇ। ਸੱਚਾ ਪਿਆਰ, ਰੱਬੀ ਪਿਆਰ ਗਿਣਤੀਆਂ ਮਿਣਤੀਆਂ ਤੋਂ ਉੱਚਾ ਹੁੰਦਾ ਹੈ। ਇਸ ਲਈ ਗੁਰਮੁਖਾਂ ਲਈ ਨਾਮ ਅਭਿਆਸ ਗੁਰਬਾਣੀ ਦਾ ਪਾਠ ਤੇ ਕੀਰਤਨ ਹੀ ਸੱਚਾ ਭੋਜਨ, ਆਧਾਰ ਤੇ ਜੀਵਨ ਦਾਨ ਹੈ। ਉਹ ਭਲੀ ਭਾਂਤ ਜਾਣਦੇ ਹਨ ਕਿ ਬੇਸ਼ਕ ਦੈਵੀ ਸ਼ਕਤੀਆਂ ਨਾਮ ਤੋਂ ਪ੍ਰਾਪਤ ਹੁੰਦੀਆਂ ਹਨ ਫਿਰ ਵੀ ਇਨ੍ਹਾਂ ਦਾ ਬਿਨਾਂ ਮਤਲਬ ਪਰਯੋਗ ਤੇ ਦਿਖਾਵਾ ਰੱਬੀ ਪ੍ਰੇਮ ਵਿਚ ਵਿਘਨ ਕਾਰੀ ਸਿੱਧ ਹੋ ਸਕਦਾ ਹੈ।*

ਭਗਤ ਕਬੀਰ ਅਨੁਸਾਰ ਦੁਨਿਆਵੀ ਪਦਾਰਥਾਂ ਭੋਗਣ ਵਾਲੇ ਨੂੰ ਲੱਸੀ ਪੀਣ ਤੁਲ ਆਖਿਆ ਹੈ ਜਦ ਕਿ ਨਾਮ-ਰਸ ਚੱਖਣ ਵਾਲੇ ਨੂੰ ਮਖੱਣ ਖਾਣ ਤੁਲ। ਸੰਸਾਰੀਆਂ ਨੂੰ ਕੇਵਲ ਛਾਛਿ ਮਿਲਦੀ ਹੈ ਜਦ ਕਿ ਸੰਤਹ ਨੂੰ ਮਖੱਣ ਤੇ ਲੱਸੀ ਦੋਨੋ ਪਦਾਰਥ ਪ੍ਰਾਪਤ ਹਨ।

ਕਬੀਰ ਮਾਇਆ ਡੋਲਨੀ ਪਵਨੁ ਝਕੋਲਨਹਾਰ।।
ਸੰਤਹੁ ਮਾਖੱਨੁ ਖਾਇਆ ਛਾਛਿ ਪੀਐ ਸੰਸਾਰੁ।।੧੮)

(ਸਲੋਕ ਕਬੀਰ-੧੩੬੫)

ਸ਼ਬਦਾਰਥ ਅਨੁਸਾਰ ਮਾਇਕ ਪਦਾਰਥ ਚਾਟੀ ਹੈ ਤੇ ਜੀਵਣ ਦਾ ਵਹਿਣ ਇਸ ਵਿਚ ਮਧਾਣੀ ਹੈ, ਪਰ ਸੰਤਹ ਨੇ ਠੀਕ ਤਰਾਂ ਰਿੜਕ ਕੇ ਭਾਵ ਚੰਗਾ ਜੀਵਨ ਬਤੀਤ ਕਰਕੇ ਮੱਖਣ ਖਾਧਾ ਹੈ। ਰਸਨਾ ਨਾਲ ਨਾਮ ਜਪ ਕੇ ਰਿੜਕਣ ਨਾਲ ਵੀ ਅੰਮ੍ਰਿਤ ਰੂਪੀ ਮੱਖਣ ਨਿਕਲਦਾ ਹੈ। ਨਾਮ ਹੀਣ ਪ੍ਰਾਣੀ ਨੂੰ ਇਹ ਅਮਰ ਪਦਾਰਥ ਨਸੀਬ ਨਹੀਂ ਹੁੰਦੇ। "ਰਸਨਾ ਨਾਮੁ ਜਪਹੁ ਤਬ ਮਥੀਐ ਇਨ ਬਿਧਿ ਅੰਮ੍ਰਿਤ ਪਾਵਹੁ" (੭੮੮) ਗੁਰੂ ਨਾਨਕ ਦੇਵ ਜੀ ਦਾ ਇਸ ਪ੍ਰਤੀ ਫ਼ੁਰਮਾਨ ਹੈ। ਭਾਈ ਨੰਦ ਲਾਲ ਨੇ 'ਤੌਸੀਫੋ ਸਨਾ' ਵਿਚ ਚੇਟਕੀਆਂ ਤੇ ਕਰਾਮਾਤੀਆਂ ਦੀ ਸ਼ਕਤੀ ਤੇ ਖਾਮੀ ਦੀ ਤਸਵੀਰ ਬਹੁਤ ਸੁੰਦਰ ਸ਼ਬਦਾਂ ਵਿਚ ਬਿਆਨ ਕੀਤੀ ਹੈ।

ਗੁਰਮਤ ਮਾਰਤੰਡ ਦੁਆਰਾ ਭਾਵਾਰਥ ਇਹ ਹੈ "ਗੁਰੂ ਨਾਨਕ ਸਾਹਿਬ ਨੂੰ ਕਰਤਾਰ ਨੇ ਹੁਕਮ ਦਿੱਤਾ ਕਿ ਤੂੰ ਸੰਸਾਰ ਵਿਚ ਲੋਕਾਂ ਨੂੰ ਮੇਰੇ ਸਿਮਰਨ ਦਾ ਰਸਤਾ ਦਿਖਾ, ਅਰ ਮੇਰਾ ਕੀਰਤਨ ਸਭ ਨੂੰ ਸੁਣਾ, ਤੂੰ ਸਾਰੀ ਦੁਨੀਆ ਦਾ ਰਹਿਬਰ ਹੈ ...... ਜੇ ਇਹ ਚੇਟਕੀ ਮੁਰਦਿਆਂ ਨੂੰ ਜੀਵਨ ਦੇਣ ਅਰ ਜੀਵਦਿਆਂ ਨੂੰ ਮਾਰਣ ਦੀ ਸ਼ਕਤੀ ਰੱਖਣ ਅਤੇ ਅਣਹੋਣੀ ਨੂੰ ਹੋਈ ਕਰ ਵਿਖਾਲਣ, ਤਥਾ ਕੁਦਰਤੀ ਰਚਨਾ ਨੂੰ ਪਲਟ ਦੇਣ,ਤਦ ਵੀ ਆਤਮ ਦਰਸੀ ਅਤੇ ਪਵਿੱਤਰ-ਆਤਮਾ ਨਹੀਂ ਕਹੇ ਜਾ ਸਕਦੇ ,ਸਗੋਂ ਅਜੇਹੇ ਲੋਕ ਕੇਵਲ ਚੇਟਕੀ ਮਾਰ ਪਾਖੰਡੀ ਸੱਦੇ ਜਾਂਦੇ ਹਨ।"

ਇਸ ਦਾ ਭਾਵ ਇਹ ਨਹੀਂ ਕਿ ਗੁਰੂ ਘਰ ਵਿੱਚ ਰਿੱਧੀਆਂ ਸਿੱਧੀਆਂ ਨਹੀਂ ਹਨ। ਕਰਾਮਾਤ ਸ਼ਕਤੀ ਹੈ, ਹਥਿਆਰ ਹੈ, ਤਲਵਾਰ ਹੈ। ਇੱਕ ਖ਼ੁਦਗਰਜ਼ ਤੇ ਜ਼ਾਲਮ ਬੰਦੇ ਹੱਥ ਆਈ ਤਲਵਾਰ ਨਿਰਦੋਸ਼ਾਂ ਦਾ ਖ਼ੂਨ ਪੀਂਦੀ ਹੈ ਤੇ ਸੰਤ ਜਨਾਂ ਦੇ ਹੱਥ ਆਈ ਮਜ਼ਲੂਮਾਂ ਦੀ ਰੱਖਿਆ ਕਰਦੀ ਹੈ। ਵਲੀ ਕੰਧਾਰੀ ਕ੍ਰੋਧ ਵਿੱਚ ਆ ਕੇ ਸਤਿਗੁਰੂ ਨਾਨਕ ਦੇਵ ਜੀ ਉੱਤੇ ਇੱਕ ਵੱਡਾ ਪੱਥਰ ਸੁੱਟਦਾ ਹੈ, ਗੁਰਦੇਵ ਜੀ ਉਸ ਪੱਥਰ ਨੂੰ ਆਪਣੇ ਪਾਵਨ ਹਸਤ ਕੰਵਲਾਂ ਦੀ ਛੁਹ ਨਾਲ ਮੋਮ ਸਮਾਨ ਬਣਾਉਂਦੇ ਹਨ। ਸੰਸਾਰ ਵਲ ਤੱਕੀਏ ਤਾਂ ਲੋਕਾਈ ਸ਼ਕਤੀ ਵਾਲੇ ਦੀ ਪੂਜਾ ਕਰਦੀ ਹੈ, ਨਾਮ ਰਸ ਦੀ ਮਿਠਾਸ ਚੰਗੀ ਨਹੀਂ ਭਾਸਦੀ। ਸੱਚੇ ਗੁਰਦੇਵ ਜੀ ਹਰੇਕ ਕਿਸਮ ਦੀ ਸ਼ਕਤੀਆਂ ਦੇ ਮਾਲਕ ਸਨ। ਮੱਕਾ ਨਿਵਾਸੀਆਂ ਨੂੰ ਇੰਹ ਤੱਤ ਦਰਸਾਉਣਾ ਸੀ ਕਿ ਪਰਮਾਤਮਾ ਨਾ ਕੇਵਲ ਪੂਰਬ ਵਿੱਚ ਹੈ ਨਾ ਪੱਛਮ ਵਲ। ਉਨ੍ਹਾਂ ਦੀ ਕਿਸੇ ਤਰਾਂ ਵੀ ਤਸੱਲੀ ਨਹੀਂ ਹੋਈ। ਗੁਰਦੇਵ ਜੀ ਮੱਕੇ ਵਲ ਪੈਰ ਪਸਾਰ ਕੇ ਸੌਂ ਗਏ। ਜੀਵਨ ਨੇ ਚਰਨ ਪਕੜ ਕੇ ਉਸ ਤਰਫ ਕਰਨ ਦੀ ਕੋਸ਼ਿਸ਼ ਕੀਤੀ ਜਿਧਰ ਖੁਦਾ ਦਾ ਘਰ ਨਹੀਂ। ਅਚਰਜ ਕੌਤਕ ਵਰਤਿਆ, ਗੁਰਦੇਵ ਜੀ ਦੇ ਜਿਸ ਪਾਸੇ ਚਰਨ ਜਾਣ ਮੱਕਾ ਘੁੰਮ ਕੇ ਉਸ ਪਾਸੇ ਵਲ ਚਲਾ ਜਾਵੇ। ਸਭ ਚਰਨੀਂ ਢਹਿ ਪਏ, ਹੁਣ ਉਨ੍ਹਾਂ ਦੀ ਅੱਖਾਂ ਖੁੱਲ੍ਹੀਆਂ ਕਿ ਸਤਿਗੁਰੂ ਨਾਨਕ ਦੇਵ ਜੀ ਸਾਧਾਰਣ ਪੁਰਸ਼ ਨਹੀਂ ਖੁਦਾ ਦਾ ਰੂਪ ਹਨ। ਭਾਈ ਗੁਰਦਾਸ ਜੀ ਦੇ ਬਚਨ ਹਨ :-

ਜੀਵਨ ਮਾਰੀ ਲਤਿ ਦੀ ਕੇਹੜਾ ਸੁੱਤਾ ਕੁਫਰ ਕੁਫਾਰੀ।।
ਲੱਤਾਂ ਵਲਿ ਖੁਦਾਇ ਦੇ ਕਿਉਂ ਕਰਿ ਪਇਆ ਹੋਇ ਬਜਿਗਾਰੀ।
ਟੰਗੋਂ ਪਕੜਿ ਘਸੀਟਿਆ, ਫਿਰਿਆ ਮੱਕਾ ਕਲਾ ਦਿਖਾਰੀ।
ਹੋਇ ਹੈਰਾਨ ਕਰੇਨਿ ਜੁਹਾਰੀ।।

(ਵਾਰ ੧, ਪਉੜੀ ੩੨)

ਏਥੇ ਸਤਿਗੁਰੂ ਜੀ ਦਾ ਮੁੱਖ ਉਦੇਸ਼ ਸ਼ਕਤੀ ਦਿਖਾਉਣਾ ਨਹੀਂ, ਅਕਾਲ ਪੁਰਖ ਦਾ ਸਰਬ ਵਿਆਪਕਤਾ ਦਾ ਗੁਣ ਦਰਸਾਉਣਾ ਸੀ। ਕਲਾ ਦਿਖਾਉਣੀ ਕੇਵਲ ਸਾਧਨ ਸੀ ਤੇ ਅਗਿਆਨਤਾ ਦੂਰ ਕਰਨੀ ਮਨੋਰਥ ਸੀ।


www.AKJ.Org

ਵਾਸਤਵ ਵਿਚ ਗੁਰਦੇਵ ਜੀ ਕੋਲ ਸਗਲ ਹਥਿਆਰ ਸਨ, ਨਾਮ ਦਾ ਗਿਆਨ ਦਾ, ਅਧਿਆਤਮਕ ਸ਼ਕਤੀ ਦਾ। ਕਰਾਮਾਤੀਆਂ ਦੇ ਟਾਕਰੇ ਲਈ ਕਰਾਮਾਤੀ ਸ਼ਕਤੀ ਦਾ ਹਥਿਆਰ ਕਦੇ ਕਦੇ ਜ਼ਿਆਦਾ ਢੁੱਕਵਾਂ ਬਣ ਜਾਂਦਾ ਹੈ। ਭੱਟਾਂ ਨੇ ਜਦ ਸ੍ਰੀ ਗੁਰੂ ਅਮਰਦਾਸ ਜੀ ਦੀਆਂ ਰਿੱਧੀਆਂ ਸਿੱਧੀਆਂ ਦਾ ਜ਼ਿਕਰ ਕੀਤਾ ਤਦ ਨਾਲ ਹੀ ਅਕਹਿ ਰਸ, ਭਗਤੀ ਤੇ ਨਾਮ ਰੰਗ ਦਾ ਚਿੱਤਰ ਖਿਚਿਆ।

ਬਾਰਿਜੁ ਕਰਿ ਦਾਹਿਣੈ ਸਿਧਿ ਸਨਮੁਖ ਮੁਖੁ ਜੋਵੈ।।
ਰਿਧਿ ਬਸੈ ਬਾਵਾਂਗਿ ਜੁ ਤੀਨਿ ਲੋਕਾਂਤਰ ਮੋਹੈ।।
ਰਿਦੈ ਬਸੈ ਅਕਹੀਉ, ਸੋਇ ਰਸੁ ਤਿਨ ਹੀ ਜਾਤਉ।।
ਮੁਖਹੁ ਭਗਤਿ ਉਚਰੈ ਅਮਰੁ ਗੁਰੁ ਇਤੁ ਰੰਗਿ ਰਾਤਉ।।੯।।

(ਸਵਈਏ ਮਹਲੇ ਤੀਜੇ ਕੇ, ੧੩੯੪)

ਅਕਾਲ ਪੁਰਖ ਦਾ ਹੁਕਮ ਜਾਂ ਭਾਣਾ ਸੀ, ਸਹਿਜ ਸੁਭਾਇ ਕਈ ਵਾਰ ਮੌਕੇ ਅਨੁਸਾਰ ਸ਼ਕਤੀਆਂ ਦਾ ਪ੍ਰਗਟਾਵਾ ਹੋਇਆ। ਸੁੱਕਾ ਖੇਤ ਹਰਿਆ ਹੋਣਾ, ਆਪਣੇ ਆਪ ਚੱਕੀ ਚੱਲਣੀ, ਹਸਤਾਂ ਤੇ ਚਰਨਾਂ ਦੇ ਸਪਰਸ਼ ਨਾਲ ਪੱਥਰਾਂ ਤੇ ਧਰਤੀ ਤੋਂ ਪਾਣੀ ਦਾ ਚਸ਼ਮਾ ਵਗਾਉਣਾ, ਖੂਹਾਂ ਦਾ ਪਾਣੀ ਸੁੱਕਣਾ ਆਦਿਕ ਕਈ ਘਟਨਾਵਾਂ ਵਾਪਰੀਆਂ ਸਨ।

ਪਰ ਗੁਰਸਿਖ ਨੂੰ ਇਨ੍ਹਾਂ ਸ਼ਕਤੀਆਂ ਤੋਂ ਸਾਵਧਾਨ ਰਹਿਣਾ ਹੀ ਬਣਦਾ ਹੈ। ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੇ ਆਪਣੇ ਨਿਕਟ ਵਰਤੀ ਵੀਰਾਂ ਨੂੰ ਅਗਮ ਨਿਗਮ ਜਾਂ ਭਵਿੱਖ ਬਾਣੀ ਦੀ ਗੱਲਾਂ ਕਰਨ ਤੋਂ ਹਮੇਸ਼ਾ ਵਰਜਿਆ ਸੀ। ਭਾਈ ਸਰਵਣ ਸਿੰਘ ਫੱਲੇਵਾਲ ਐਨਾ ਨਾਮ ਅਭਿਆਸੀ, ਨਾਮਰਸੀਆ, ਨਿਰਮਲਤਾ ਹਮਦਰਦੀ ਤੇ ਦਲੇਰੀ ਦਾ ਮੁੱਜਸਮਾ ਭਾਈ ਸਾਹਿਬ ਜੀ ਦੀ ਚੇਤਾਵਨੀ ਨੂੰ ਅਨਸੁਣੀ ਕਰਕੇ ਸ਼ਕਤੀ ਦੇ ਪਰਯੋਗ ਤੇ ਮਾਨਤਾ ਦਾ ਸ਼ਿਕਾਰ ਬਣ ਗਿਆ। ਹੰਕਾਰ ਭਰੀ ਭ੍ਰਿਸ਼ਟ ਬੁੱਧੀ ਦੇ ਸਦਕੇ ਕੁਰਾਹੇ ਪੈ ਗਿਆ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਰਬ ਸ੍ਰੇਸ਼ਟਤਾ ਤੋਂ ਵੀ ਮੁਨਕਰ ਹੋ ਗਿਆ। ਨਤੀਜੇ ਵਜੋਂ ਸੰਗਤ ਵਿਚੋਂ ਛੇਕਿਆ ਗਿਆ। ਕਰਮ ਚੰਗੇ ਉਸ ਦੀਆਂ ਅੱਖਾਂ ਖੁੱਲ੍ਹ ਗਈਆ ਤੇ ਭੁੱਲ ਦਾ ਅਹਿਸਾਸ ਹੋਇਆ। ਭਾਈ ਸਾਹਿਬ ਦੇ ਪਿਆਰ ਤੇ ਖਿਮਾ ਨੇ ਉਸ ਨੂੰ ਦੋਬਾਰਾ ਸੰਗਤ ਵਿਚ ਵਾਪਸ ਲੇ ਆਂਦਾ ਨਹੀਂ ਤਾਂ ਸ਼ਕਤੀ ਦੇ ਕਈ ਪੁਜਾਰੀਆਂ ਨੇ ਗੁਰਮਤਿ ਤੋਂ ਵੱਖਰੇ ਆਪਣੇ ਗੁਰੂਡੰਮ ਦੇ ਅੱਡੇ ਬਣਾ ਲਏ ਤੇ ਅਨਭੋਲ ਲੋਕਾਂ ਨੂੰ ਆਪਣੇ ਪਿੱਛੇ ਲਾਉਣ ਵਿਚ ਸਫਲ ਹੋ ਗਏ।

ਸਤਿਗੁਰੂ ਨਾਨਕ ਦੇਵ ਜੀ ਦੀ ਸ਼ਕਤੀ ਅਨੋਖੀ, ਅਨੂਠੀ ਤੇ ਹਰੇਕ ਪੱਖੋਂ ਸੰਪੂਰਨ ਸੀ, ਲੋਕਾਈ ਨਾਲ ਸੰਬੰਧਤ ਮਾਇਕ ਸ਼ਕਤੀ ਤੋਂ ਵੱਖਰੀ ਤੇ ਅਲੌਕਿਕ ਸੀ। ਇਸ ਦਾ ਆਧਾਰ ਗਿਣਤੀ ਮਿਣਤੀ ਹੱਠ ਤੇ ਤੱਪਸਿਆ ਨਹੀਂ, ਪ੍ਰੇਮਾ ਭਗਤੀ, ਨਾਮ ਸਿਮਰਨ ਤੇ ਸ੍ਵੈ ਅਰਪਣ ਸੀ। ਗੁਰ ਫ਼ੁਰਮਾਨ ਹੈ :-

ਬਿਨੁ ਨਾਵੈ ਪੈਨਣੁ ਖਾਣੁ ਸਭੁ ਬਾਦਿ ਹੈ
ਧਿਗੁ ਸਿਧੀ ਧਿਗੁ ਕਰਮਾਤਿ।।
ਸਾ ਸਿਧਿ ਸਾ ਕਰਮਾਤਿ ਹੈ ਅਚਿੰਤ ਕਰੇ ਜਿਸੁ ਦਾਤਿ।।
ਨਾਨਕ ਗੁਰਮੁਖਿ ਹਰਿ ਨਾਮੁ ਮਨਿ ਵਸੈ
ਏਹਾ ਸਿਧਿ ਏਹਾ ਕਰਮਾਤਿ।।੨।।

(ਮਹਲਾ ੩, ਵਾਰ ਸੋਰਠਿ-੬੫੦)

ਹੱਠ ਨਾਲ ਹੋਰ ਸ਼ਕਤੀਆਂ ਭਾਵੇਂ ਵੱਸ ਹੋ ਜਾਣ, ਪਰਮਾਤਮਾ ਵੱਸ ਨਹੀਂ ਹੁੰਦਾ। ਉਹ ਤਾਂ ਸੁਤੰਤਰ ਤੇ ਨਿਰਲੇਪ ਹੈ, ਪ੍ਰੇਮਾ ਭਗਤੀ ਤੇ ਹੀ ਪ੍ਰਸੰਨ ਹੁੰਦਾ ਹੈ। ਉਹ ਤੁੱਠ ਪਵੇ ਤਾਂ ਆਪਣਾ ਰਹਿਮਤ ਭਰਿਆ ਹੱਥ ਜੀਵ ਦੇ ਸਿਰ ਤੇ ਰੱਖਦਾ ਹੈ ਤੇ ਅਚਿੰਤ ਹੀ ਬਖਸ਼ਸ਼ਾ ਦਾ ਮੀਂਹ ਵਰਸਾਉਂਦਾ ਹੈ।

"ਨਾਨਕ ਸਾ ਕਰਮਾਤਿ ਸਾਹਿਬ ਤੁਠੈ ਜੋ ਮਿਲੈ"

(ਮਹਲਾ ੨-ਵਾਰ ਆਸਾ ਮਹਲਾ ੧-੪੭੫)

ਗੁਰਦੇਵ ਜੀ ਸੁਮੇਰ ਪਰਬਤ ਚੜ੍ਹੇ ਤੇ ਸਿੱਧ ਮੰਡਲੀ ਤੱਕੀ। ਸਿੱਧਾਂ ਨੂੰ ਬਹੁਤ ਹੈਰਾਨੀ ਹੋਈ ਕਿ ਇਹ ਬਾਲਕ ਕਿਸ ਸ਼ਕਤੀ ਦੁਆਰਾ ਏਥੇ ਪਹੁੰਚਿਆਂ। ਦੀਰਘ ਆਯੂ ਵਾਲੇ ਸਿੱਧਾਂ ਕੋਲ ਗੁਰੂ ਨਾਨਕ ਦੇਵ ਜੀ ਦੀ ਵਡਿਆਈ, ਤੇ ਉੱਚਤਾ ਤੱਕਣ ਵਾਲੀ ਅੱਖ ਨਹੀਂ ਸੀ, ਉਹ ਆਪ ਜੀ ਨੂੰ ਬਾਲਕ ਹੀ ਸਮਝਦੇ ਰਹੇ। ਗੁਰਦੇਵ ਜੀ ਨੇ ਉੱਤਰ ਦਿੱਤਾ।

ਹਉ ਜਪਿਆ ਪਰਮੇਸਰੋ ਭਾਉ ਭਗਤਿ ਸੰਗ ਤਾੜੀ ਲਾਈ।

(ਵਾਰ ੧-ਪਉੜੀ ੨੮)

ਅੰਤ ਵਿਚ ਸ਼ਬਦ ਦੁਆਰਾ ਸਿੱਧ ਮੰਡਲੀ ਜਿੱਤੀ ਤੇ ਆਪਣਾ ਪੰਥ ਨਿਰਾਲਾ ਸਿੱਧ ਕੀਤਾ।

ਗੁਰੂ ਨਾਨਕ ਦੇਵ ਜੀ ਦੀ ਸ਼ੋਭਾ ਸੁਣ ਕੇ ਜੋਗੀਆਂ ਨੇ ਬਹੁਤ ਖੁਣਸ ਖਾਧੀ। ਫਿਰ ਵੀ ਆਪਣਾ ਪ੍ਰਭਾਵ ਪਾਉਣ ਲਈ ਡਰਾਉਣੇ ਜਾਨਵਰਾਂ ਦੇ ਵੇਸ ਬਣਾਏ। ਤੰਤ੍ਰ ਮੰਤ੍ਰ ਦੁਆਰਾ ਪੰਛੀਆਂ ਵਾਂਗਰ ਉਡਾਰੀਆ ਲਾਈਆ, ਅਗਨੀ ਦੀ ਵਰਖਾ ਕੀਤੀ, ਮ੍ਰਿਗਛਾਲਾ ਤੇ ਬੈਠ ਕੇ ਪਾਣੀ ਤੇ ਤਰੇ ਪਰ ਈਰਖਾ ਦੀ ਅਗਨੀ ਨਹੀਂ ਬੁੱਝੀ। ਥੱਕ ਹਾਰ ਕੇ ਬੈਠ ਗਏ ਤੇ ਸਤਿਗੁਰੂ ਨਾਲ ਬਚਨ ਕੀਤੇ।

ਸਿਧ ਬੋਲਨਿ ਸੁਣਿ ਨਾਨਕਾ



www.AKJ.Org

ਤੁਹਿ ਜਗ ਨੋ ਕਿਆ ਕਰਾਮਾਤ ਦਿਖਾਈ।
ਕੁਝ ਵਿਖਾਲੇ ਅਸਾਂ ਨੋ,
ਤੁਹਿ ਕਿਉ ਢਿੱਲ ਅਵੇਹੀ ਲਾਈ।
ਬਾਬਾ ਬੋਲੇ ਨਾਥ ਜੀ ਅਸਾਂ ਤੇ
ਵੇਖਣੇ ਜੋਗੀ ਵਸਤੁ ਨ ਕਾਈ।
ਗੁਰ ਸੰਗਤਿ ਬਾਣੀ ਬਿਨਾ
ਦੂਜੀ ਓਟ ਨਹੀਂ ਹਰਿ ਰਾਈ।।(੧/੪੩)

ਅੰਤ ਵਿੱਚ ਬਾਬੇ ਫੁਰਮਾਇਆ ਕਿ ਜੇ ਅਗਨੀ ਦੇ ਬਸਤਰ ਵੀ ਪਹਿਨ ਲਈਏ, ਹਿਮਾਲਿਆ ਦੀ ਬਰਫ ਵਿਚ ਘਰ ਬਣਾ ਕੇ ਰਹੀਏ, ਲੋਹੇ ਦਾ ਭੋਜਨ ਕਰੀਏ, ਸਾਰੀ ਧਰਤੀ ਵੱਸ ਕਰ ਲਈਏ, ਇਸ ਤਰਾਂ ਦਾ ਸਾਰਾ ਬਲ ਰਖੀਏ ਤਾਂ ਵੀ ਸਤਿਨਾਮ ਬਿਨਾਂ ਸਭ ਬੱਦਲਾਂ ਦੀ ਛਾਂ ਹੈ। ਸਾਡੇ ਕੋਲ ਕੇਵਲ ਸੱਚਾ ਨਾਮ ਹੈ ਹੋਰ ਕਿਸੇ ਕਿਸਮ ਦੀ ਕਰਾਮਾਤ ਨਹੀਂ ਹੈ।

ਬਾਝੌਂ ਸਚੇ ਨਾਮ ਦੇ ਹੋਰ ਕਰਾਮਾਤਿ ਅਸਾਂ ਤੇ ਨਾਹੀਂ।

ਸਾਰੰਸ਼ ਅਰਸ਼ੀ ਪ੍ਰੀਤਮ ਦੀਆਂ ਦੈਵੀ ਸ਼ਕਤੀਆ ਨਾਮ ਰਸ ਭਿੰਨੀਆਂ, ਪ੍ਰੇਮ ਰੰਗ ਨਾਲ ਰੰਗੀਆਂ ਤੇ ਅਕਾਲੀ ਜੋਤਿ ਨਾਲ ਰੁਸ਼ਨਾਈਆਂ ਹੋਈਆਂ ਸਨ। ਇਨ੍ਹਾਂ ਦੇ ਕੌਤਕ ਨਿਰਾਲੇ ਤੇ ਅਦਭੁਤ ਸਨ। ਇਹ ਤਨ ਦਾ ਕਾਇਆ ਕਲਪ ਕਰਦੀਆਂ, ਮਨ ਦਾ ਜ਼ੰਗ ਉਤਾਰਦੀਆਂ ਤੇ ਸੁੱਤੀ ਆਤਮਾ ਨੂੰ ਟੁੰਬਦੀਆਂ ਸਨ। ਕੌਡੇ ਰਾਖਸ਼ ਜੈਸੇ ਅਨੇਕ ਪਤਿਤ ਪ੍ਰਾਣੀਆਂ ਦੀ ਮਲੀਨ ਬੁੱਧੀ ਦੀ ਮੈਲ ਉਤਾਰਨ ਤੇ ਇਸ ਵਿਚ ਨਾਮ ਦਾ ਪ੍ਰਕਾਸ਼ ਭਰਨ ਦਾ ਕੰਮ ਕੇਵਲ ਆਪ ਹੀ ਕਰ ਸਕਦੇ ਸਨ। ਵੀਹ ਰੁਪਏ ਦਾ ਅਤੁੱਟ ਲੰਗਰ ਵਿਸ਼ਵ ਭਰ ਵਿਚ ਵਰਤਾਉਣਾ ਅਰਸ਼ੀ ਕਰਾਮਾਤ ਨਹੀਂ ਤਾਂ ਹੋਰ ਕੀ ਹੈ ?

ਇਕ ਬਹੁਤ ਚਮਤਕਾਰੀ ਘਟਨਾ ਬਗਦਾਦ ਸ਼ਹਿਰ ਵਿੱਚ ਵਾਪਰੀ। ਸਤਿਗੁਰੂ ਨਾਨਕ ਦੇਵ ਜੀ ਮਰਦਾਨੇ ਸਮੇਤ ਬਗਦਾਦ ਸ਼ਹਿਰ ਦੇ ਬਾਹਰ ਠਹਿਰੇ। ਆਪ ਜੀ ਨੇ ਨਾਮ ਸ਼ਬਦ ਧੁਨ ਦਾ ਅਲਾਪ ਅਜਿਹੀ ਸੁਰ ਤੇ ਪ੍ਰੇਮ ਨਾਲ ਕੀਤਾ ਕਿ ਸਾਰਾ ਸੰਸਾਰ ਸੁੰਨ ਸਮਾਨ ਹੋ ਗਿਆ। ਪਉਣ ਦੀ ਰਫਤਾਰ ਠੱਲ ਗਈ ਤੇ ਦਰਖਤਾਂ ਦੇ ਪੱਤਿਆਂ ਦੀ ਸ਼ਾਂ ਸ਼ਾਂ ਖਤਮ ਹੋ ਗਈ। ਸੁਨਣ ਵਾਲੇ ਬੰਦਿਆਂ ਤੇ ਜਾਦੂ ਭਰਿਆ ਅਸਰ ਪਿਆ, ਜਿੱਥੇ ਵਿਚਾਰਾਂ ਦੀ ਭਟਕਣ ਰੁੱਕ ਗਈ, ਉਥੇ ਮਨ ਦ੍ਰਵ ਕੇ ਅਡੋਲਤਾ ਦੇ ਘਰ ਆ ਗਏ। ਇਹ ਸਭ ਕਿਛ ਤੱਕ ਪੀਰ ਦਸਤਗੀਰ ਦੀ ਹੈਰਾਨੀ ਦੀ ਕੋਈ ਹੱਦ ਨਹੀਂ ਰਹੀ।

ਸੁੰਨਿ ਮੁੰਨਿ ਨਗਰੀ ਭਈ ਦੇਖਿ ਪੀਰ ਭਇਆ ਹੈਰਾਨਾ।।
(ਭਾਈ ਗੁਰਦਾਸ ਜੀ ਵਾਰ ੧ ਪਉੜੀ ੩੫)

ਇਸ ਦੇ ਬਾਅਦ ਗੁਰਦੇਵ ਜੀ ਨੇ ਬਗਦਾਦ ਵਿਚ ਹੋਰ ਵਡੀ ਕਰਾਮਾਤ ਦਿਖਲਾਈ। ਲੱਖਾਂ ਅਕਾਸ਼ ਪਤਾਲ ਦਿਖਾਵਣ ਲਈ ਪੀਰ ਦੇ ਬੇਟੇ ਨੂੰ ਨਾਲ ਲਿਆ ਤੇ ਸਭ ਕਿਛ ਉਹਦੀਆਂ ਅੱਖਾਂ ਦੁਆਰਾ ਦਿਖਾਇਆ। ਪੀਰ ਦੀ ਤਸੱਲੀ ਵਾਸਤੇ ਗੁਰਦੇਵ ਜੀ ਨੇ

ਭਰਿ ਕਚਕੌਲ ਪ੍ਰਸਾਦਿ ਦਾ ਧੁਰੋ ਪਤਾਲੋ ਲਈ ਕੜਾਹੀ।
(ਵਾਰ ੧ ਪਉੜੀ ੩੬)

ਪੀਰ ਦਸਤਗੀਰ ਨੇ ਤਕਰਾਰ ਤੇ ਆਪ ਬੀਤੀ ਦੇ ਅਧਾਰ ਤੇ ਸਵੀਕਾਰ ਕੀਤਾ ਕਿ ਇਹ ਫਕੀਰ (ਗੁਰੂ ਨਾਨਕ ਜੀ) ਵਡਾ ਅਤਾਈ (ਸ਼ਕਤੀਵਾਨ) ਹੈ। ਭਾਈ ਗੁਰਦਾਸ ਜੀ ਅਨੁਸਾਰ ਏਥੇ ਵੀ ਸਤਿਗੁਰੂ ਦੀ ਵਡਿਆਈ ਪ੍ਰਗਟ ਹੋਕੇ ਹੀ ਰਹੀ।

ਜ਼ਾਹਰ ਕਲਾ ਨ ਛਪੈ ਛਪਾਈ।

■ ■ ■ ■

(ਪੰਨਾ ੧੮ ਦਾ ਬਾਕੀ...)

ਅਤੇ ਰਿੱਧੀਆਂ-ਸਿਧੀਆਂ ਵੀ ਮਨੁੱਖੀ ਹਉਮੈ ਨੂੰ ਹੁਲਾਰਾ ਮਾਰ ਕੇ ਆਪਣਾ ਅਸਰ ਦਿਖਾਉਣ ਲਈ ਮਜਬੂਰ ਕਰ ਦਿੰਦੀਆਂ ਹਨ। ਵਾਹਿਗੁਰੂ ਦੇ ਮਿਲਣ ਦੀ ਤਾਂਘ 'ਚ ਭਿੱਜਿਆ ਹੋਇਆ ਸੱਚਾ ਪਾਂਧੀ, ਇਨ੍ਹਾਂ ਵਕਤੀ ਰੁਕਾਵਟਾਂ ਨੂੰ ਵਾਹਿਗੁਰੂ 'ਤੇ ਭਰੋਸਾ ਰਖਕੇ ਸੌਖਿਆਂ ਹੀ ਪਾਰ ਕਰ ਲੈਂਦਾ ਹੈ ਅਤੇ ਅਨਹਦ ਨਾਦ ਸੁਣਨ ਦੀ ਅਵਸਥਾ ਵਿਚ ਪਹੁੰਚ ਕੇ ਰਸੀਲਾ ਅਨੰਦ ਮਾਣਦਾ ਹੈ। ਇਸ ਰਸੀਲੇ ਅਨੰਦ ਵਿਚੋਂ ਬ੍ਰਹਿਮੰਡੀ ਪ੍ਰਕਾਸ਼ ਹੁੰਦਾ ਹੈ, ਜਿਸ ਰਾਹੀਂ ਵਾਹਿਗੁਰੂ ਦੇ ਪ੍ਰਤੱਖ ਦਰਸ਼ਨ ਹੋ ਜਾਂਦੇ ਹਨ।

ਇਸੇ ਲਈ ਸੁਰਤਿ ਸ਼ਬਦ ਦਾ ਮਿਲਾਪ ਜ਼ਰੂਰੀ ਹੈ। ਆਪਣੀ ਚਮੜੀ ਅਤੇ ਹੱਡਾਂ ਨੂੰ ਗੁਰੂ ਅਖਵਾਉਣ ਵਾਲੇ ਸਾਕਤ ਲੋਕ ਪ੍ਰਭੂ ਨਦਰਿ ਦੇ ਪਾਤਰ ਨਹੀਂ, ਸਗੋਂ ਨਰਕਾਂ ਦੇ ਭਾਗੀਦਾਰ ਬਣ ਜਾਂਦੇ ਹਨ ਕਿਉਂਕਿ ਸ਼ਬਦ ਦੀ ਉੱਚਤਾ ਨਾਲੋਂ ਆਪਣੀ ਉੱਚਤਾ ਦਰਸਾਉਣ ਦਾ ਬੇਤੁਕਾ ਅਮਲ ਵਾਹਿਗੁਰੂ ਜੀ ਨੂੰ ਪ੍ਰਵਾਨ ਨਹੀਂ ਹੈ। ਸ਼ਬਦ ਦੀ ਸਰਕਾਰ ਦੇ ਸਮਾਨੰਤਰ ਝੂਠੀਆਂ ਦੇਹਧਾਰੀ ਸਰਕਾਰਾਂ ਦੇ ਚੱਲਣ ਦੀ ਸੰਭਾਵਨਾ ਪਤਲੀ ਪੈ ਚੁੱਕੀ ਹੈ। ਇਸ ਲਈ ਵਾਹਿਗੁਰੂ ਜੀ ਦੀ ਬਖਸ਼ੀ 'ਧੁਰ ਕੀ ਬਾਣੀ' ਤੇ ਅਮਲ ਕਰਕੇ 'ਧੁਰ' ਦੇ ਰਾਹ ਤੁਰਨ ਦਾ ਦ੍ਰਿੜ੍ਹਤਾ ਨਾਲ ਉਪਰਾਲਾ ਕਰਨਾ ਚਾਹੀਦਾ ਹੈ। ਫੇਰ ਸੰਸਾਰਕ ਅਨੰਦਾ ਦੀ ਅਹਿਮੀਅਤ -ਆਪਣੇ ਆਪ ਖ਼ਤਮ ਹੋ ਜਾਵੇਗੀ ਅਤੇ ਸਦੀਵੀ ਰਸੀਲੇ ਅਨੰਦ ਨਾਲ ਮਨ-ਤਨ ਸਰਸ਼ਾਰ ਹੋ ਜਾਵੇਗਾ।



www.AKJ.Org

# ਗੁਰੂ ਨਾਨਕ ਸਾਹਿਬ ਦਾ ਸੰਦੇਸ਼

(ਡਾ: ਕੁਲਦੀਪ ਸਿੰਘ ਹਾਉਰਾ 162, ਹਾਊਸਿੰਗ ਬੋਰਡ ਕਲੋਨੀ, ਅੰਮ੍ਰਿਤਸਰ)

ਗੁਰੂ ਨਾਨਕ ਸਾਹਿਬ ਦਾ ਹਿਰਦਾ ਮਨੁੱਖਤਾ ਦੇ ਪਿਆਰ ਨਾਲ ਭਰਪੂਰ ਸੀ। ਉਹ ਮਨੁੱਖਤਾ ਦੀ ਤ੍ਰਾਸਦੀ ਵੇਖਕੇ ਬਿਹਬਲ ਹੋ ਉਠਦੇ ਸਨ ਤੇ ਸਮੁੱਚੀ ਕਾਇਨਾਤ ਦੇ ਭਲੇ ਲਈ ਅਕਾਲ ਪੁਰਖ ਪਾਸ ਅਰਦਾਸ, ਅਰਜੋਈ ਬੇਨਤੀ ਕਰਦੇ ਸਨ। ਆਪ ਦੁਖੀਆਂ ਦੀ ਪੁਕਾਰ ਸਨ, ਮਾਇਆਧਾਰੀ, ਜ਼ਾਬਰਾਂ ਤੇ ਅਤਿਆਚਾਰੀਆਂ ਲਈ ਟੁਣਕਾਰ ਸਨ। ਆਪ ਦੀ ਬਾਣੀ ਗਰੀਬਾਂ ਦਬੇਲਾਂ ਤੇ ਨਿਮਾਣਿਆਂ ਨੇ ਸੁਣੀ ਤਾਂ ਉਹਨਾਂ ਨੂੰ ਧਰਵਾਸ ਆਇਆ। ਜ਼ਾਬਰਾਂ ਤੇ ਹੈਂਕੜੀਆਂ-ਹੰਕਾਰੀਆਂ ਨੇ ਸੁਣੀ ਤਾਂ ਉਹਨਾਂ ਦੇ ਕੰਨ ਖੜੇ ਹੋ ਗਏ। ਨਿਰੰਕਾਰੀ-ਗੁਰੂ ਦਾ ਸੰਦੇਸ਼ ਜਿਥੇ-ਜਿਥੇ ਸੁਣਿਆ ਗਿਆ, ਉਥੇ ਉਥੇ ਭੁੱਲੀ-ਵਿਸਰੀ ਲੁਕਾਈ ਕਰਤਾਰ ਨਾਲ ਜੁੜਕੇ ਇਉਂ ਸ਼ਾਂਤ ਹੋਈ, ਜਿਵੇਂ ਮਿੱਟੀ ਦਾ ਕਣ ਧਰਤੀ ਵਿੱਚ ਮਿਲਕੇ ਸ਼ਾਂਤ ਹੁੰਦਾ ਹੈ, ਪਾਣੀ ਦਾ ਤੁਬਕਾ ਸਮੁੰਦਰ ਵਿੱਚ ਮਿਲਕੇ ਲੀਨ ਹੁੰਦਾ ਹੈ।

ਗੁਰੂ ਨਾਨਕ ਸਾਹਿਬ ਅਜਿਹਾ ਸਮਾਜ ਚਾਹੁੰਦੇ ਹਨ ਜਿਸ ਵਿੱਚ ਰਾਜਸੀ ਜਬਰ ਨਾ ਹੋਵੇ। ਆਰਥਕ ਨਾ-ਬਰਾਬਰੀ ਨਾ ਹੋਵੇ, ਬਾਹਰਲੇ ਚਿੰਨ੍ਹ ਧਰਮ ਨਾ ਸਮਝੇ ਜਾਣ, ਕੋਈ ਧਾਰਮਿਕ ਬੇ-ਇਨਸਾਫੀ ਨਾ ਹੋਵੇ ਤੇ ਹਰ ਜੀਵ ਨੂੰ ਚੰਗਾ ਰਹਿਣ ਸਹਿਣ ਦਾ ਅਵਸਰ ਮਿਲੇ। ਇਹੋ ਸੰਦੇਸ਼ ਉਨ੍ਹਾਂ ਨੇ ਮਨੁੱਖਤਾ ਨੂੰ ਦਿੱਤਾ। ਗੁਰੂ ਜੀ ਦਾ ਵਿਚਾਰ ਹੈ ਕਿ ਜੇ ਮਨੁੱਖ ਚੰਗੇ ਬਣਨ ਤਾਂ ਸਮਾਜ ਆਪਣੇ ਆਪ ਚੰਗਾ ਬਣ ਜਾਏਗਾ। ਗੁਰੂ ਜੀ ਅਨੁਸਾਰ ਚੰਗੇ ਮਨੁੱਖ ਬਣਨ ਲਈ ਆਤਮ-ਵਿਸ਼ਵਾਸ਼, ਦਲੇਰੀ ਤੇ ਸਾਹਸ ਦੀ ਲੋੜ ਹੈ। ਇਹਨਾਂ ਖੂਬੀਆਂ ਸਦਕਾ ਮਨੁੱਖ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਖੁਦਗਰਜ਼ੀ ਆਦਿ ਬੁਰਾਈਆਂ ਉਤੇ ਕਾਬੂ ਪਾ ਸਕਦਾ ਹੈ। ਗੁਰੂ ਸਾਹਿਬ ਨੇ ਆਪਣੇ ਸਮੇਂ ਦੀਆਂ ਸਥਾਪਤ ਗਲਤ ਕੀਮਤਾਂ ਤੇ ਸੱਤਾ ਦੀ ਡੱਟ ਕੇ ਵਿਰੋਧਤਾ ਕੀਤੀ। ਰਾਜਸੀ ਖੇਤਰ ਵਿਚ ਉਨ੍ਹਾਂ ਕਿਸੇ ਵੀ ਰਜਵਾੜੇ ਦੀ ਉਸਤਤ ਨਹੀਂ ਕੀਤੀ, ਸਗੋਂ ਜ਼ੁਲਮ ਅਤੇ ਜਬਰ ਨੂੰ ਬੜੇ ਹੀ ਕਰੜੇ ਸ਼ਬਦਾਂ ਵਿੱਚ ਪ੍ਰਗਟਾਇਆ। ਆਪ ਦੀ ਇਹ ਦਲੇਰੀ, ਨਿਡਰਤਾ ਤੇ ਸਾਹਸ ਅੱਜ ਵੀ ਨੀਵੇਂ, ਦੱਬੇ ਹੋਏ ਤੇ ਕੁਚਲੇ ਅਤੇ ਲਿਤਾੜੇ ਹੋਏ ਵਰਗਾਂ ਲਈ ਸ਼ਕਤੀ ਤੇ ਉਤਸ਼ਾਹ ਦਾ ਸੋਮਾ ਹਨ। ਗੁਰੂ ਨਾਨਕ ਸਾਹਿਬ ਦਾ ਇਹ ਸੰਦੇਸ਼ ਜਿਤਨੀ ਮਹੱਤਤਾ ਉਨ੍ਹਾਂ ਦੇ ਆਪਣੇ ਸਮੇਂ ਵਿੱਚ ਰੱਖਦਾ ਸੀ, ਉਤਨੀ ਹੀ ਮਹੱਤਤਾ ਅੱਜ ਦੇ ਯੁੱਗ ਵਿੱਚ ਵੀ ਹੈ। ਅੱਜ ਵੀ ਦੁਨੀਆਂ ਦੇ ਕਈ ਭਾਗਾਂ ਦੇ ਅੱਡ ਅੱਡ ਫਿਰਕਿਆਂ ਵਿੱਚ ਇਕ ਦੂਜੇ ਪ੍ਰਤੀ ਘ੍ਰਿਣਾ ਮੌਜੂਦ ਹੈ। ਗੁਰੂ ਬਾਬਾ ਜੀ ਦਾ ਸੰਦੇਸ਼ ਉਨ੍ਹਾਂ ਲਈ ਪ੍ਰੇਰਨਾ ਦਾ ਸੋਮਾ ਹੈ। ਅੱਜ ਵੀ ਰਾਜਨੀਤਕ ਤੌਰ ਤੇ ਦੁਨੀਆਂ ਦੇ ਸ਼ਕਤੀਸ਼ਾਲੀ ਦੇਸ਼ ਕਮਜ਼ੋਰ ਦੇਸ਼ਾਂ ਨੂੰ ਲਿਤਾੜਨ ਦਾ ਯਤਨ ਕਰ ਰਹੇ ਹਨ। ਗੁਰੂ ਨਾਨਕ ਸਾਹਿਬ ਦਾ ਸੰਦੇਸ਼ ਸਾਮਰਾਜੀ ਰੁਚੀ ਦਾ ਵਿਰੋਧ ਕਰਦਾ ਹੈ। ਅੱਜ ਵੀ ਸੰਸਾਰ ਦੇ ਬਹੁਤੇ ਹਿੱਸੇ ਵਿੱਚ ਲੋਕ ਲੋੜ ਤੋਂ ਵਧ ਅਮੀਰ ਹਨ ਤੇ ਕੁਝ ਬਹੁਤ ਹੀ ਗਰੀਬ । ਗੁਰੂ ਨਾਨਕ ਸਾਹਿਬ ਦਾ ਸੰਦੇਸ਼ ਆਰਥਕ ਨਾ-ਬਰਾਬਰੀ ਦੇ ਵਿਰੁੱਧ ਅੱਜ ਵੀ ਲਲਕਾਰ ਦਾ ਕੰਮ ਕਰਦਾ ਹੈ। ਅਜੇ ਤੱਕ ਦੁਨੀਆਂ ਦੇ ਬਹੁਤੇ ਦੇਸ਼ਾਂ ਵਿੱਚ ਇਸਤਰੀ ਨੂੰ ਪੂਰਾ ਸਤਿਕਾਰ ਨਹੀਂ ਮਿਲਿਆ, ਜ਼ਾਤ-ਪਾਤ ਤੇ ਛੂਤ-ਛਾਤ ਦੀ ਲਾਹਨਤ ਅਜੇ ਵੀ ਮੌਜੂਦ ਹੈ। ਭਾਵੇਂ ਅਨੇਕਾਂ ਅੰਤਰ ਰਾਸ਼ਟਰੀ ਸਮਾਗਮ ਹੁੰਦੇ ਰਹਿੰਦੇ ਹਨ। ਕਿਰਤ ਕਰਨੀ ਤੇ ਵੰਡ ਛਕਣਾ ਗੁਰੂ ਸਾਹਿਬ ਨੇ ਨਾ ਕੇਵਲ ਪ੍ਰਚਾਰਿਆ ਹੀ, ਸਗੋਂ ਅਮਲੀ ਤੌਰ ਤੇ ਜੀਵਨ ਵਿੱਚ ਹੰਢਾਇਆ ਵੀ। ਵੰਡ ਕੇ ਛਕਣ ਵਾਲੇ ਸਮਾਜ ਦਾ ਨਮੂਨਾ ਗੁਰੂ ਸਾਹਿਬ ਨੇ ਲੰਗਰ ਸੰਸਥਾ ਚਾਲੂ ਕਰਕੇ, ਅਮਲੀ ਰੂਪ ਵਿੱਚ ਪੇਸ਼ ਕੀਤਾ। ਉਦਾਸੀਆਂ ਤੋਂ ਪਿਛੋਂ ਗੁਰੂ ਸਾਹਿਬ ਜਦੋਂ ਕਰਤਾਰਪੁਰ ਆ ਕੇ ਪ੍ਰਵਾਰ ਸਮੇਤ ਰਹਿਣ ਲਗੇ ਤਾਂ ਆਪ ਨੇ ਖੇਤੀ ਵੀ ਕੀਤੀ, ਜੋ ਕਿਰਤ ਦੀ ਪ੍ਰਤੀਕ ਹੈ ਤੇ ਲੰਗਰ ਵੀ ਚਲਾਇਆ। ਅੱਜ ਵਾਂਗ ਗੁਰੂ ਸਾਹਿਬ ਦੇ ਸਮੇਂ ਵਿੱਚ ਵੀ ਹਿੰਦੁਸਤਾਨ ਦੇ ਦੋਹਾਂ ਫਿਰਕਿਆਂ ਹਿੰਦੂਆਂ ਤੇ ਮੁਸਲਮਾਨਾਂ 'ਚ ਫਿਰਕੇਦਾਰੀ ਦੀ ਸਮੱਸਿਆ ਹੈ ਸੀ। ਸਿੱਟੇ ਵਜੋਂ ਧਾਰਮਕ ਖਿਚੋਤਾਣ ਵੀ ਹੈ ਸੀ। ਇਸ ਖਿਚੋਤਾਣ ਵਿਚ ਧਰਮ ਦੇ ਅਸਲੀ ਅਰਥ ਗੁਆਚ ਗਏ ਸਨ ਤੇ ਬਾਹਰੀ ਚਿੰਨ੍ਹਾਂ ਦੇ ਅਧਾਰ ਦੇ ਲੜਾਈ ਝਗੜੇ ਵੱਧ ਗਏ ਸਨ। ਇਨ੍ਹਾਂ ਝਗੜਿਆਂ ਦਾ ਕਾਰਨ ਗੁਰੂ ਸਾਹਿਬ ਨੂੰ ਵਿਖਾਵਾ ਤੇ ਭੇਖ ਨਜ਼ਰ ਆਇਆ। ਉਨ੍ਹਾਂ ਆਪਣੀ ਬਾਣੀ ਵਿੱਚ ਦੋਹਾਂ ਧਰਮਾਂ ਦੇ ਬਾਹਰਲੇ ਚਿੰਨ੍ਹਾਂ ਤੇ ਟੀਕਾ-ਟਿਪਣੀ ਕੀਤੀ ਅਤੇ ਉਨ੍ਹਾਂ ਨੂੰ ਚੰਗਾ ਨੇਕ ਹਿੰਦੂ ਤੇ ਮੁਸਲਮਾਨ ਬਣਨ ਦੀ ਪ੍ਰੇਰਨਾ ਕੀਤੀ। ਟੀਕਾ-ਟਿਪਣੀ ਕਰਨ ਦਾ ਭਾਵ ਮੂਲ-ਰੂਪ ਵਿੱਚ ਧਰਮਾਂ ਦਾ ਵਿਰੋਧ ਕਰਨਾ ਨਹੀਂ ਸੀ, ਸਗੋਂ ਦੋਹਾਂ ਧਰਮਾਂ ਦੀਆਂ ਤ੍ਰੁਟੀਆਂ ਦੂਰ ਕਰਕੇ ਦੋਹਾਂ ਧਰਮਾਂ ਨੂੰ ਮੰਨਣ ਵਾਲਿਆਂ ਨੂੰ ਧਰਮ ਦੇ ਅਸਲੀ ਅਰਥ ਸਮਝਾਉਣਾ ਤੇ ਉਹਨਾਂ ਨੂੰ



www.AKJ.Org

ਨੇਕ-ਮਨੁੱਖ ਬਣਨ ਦੀ ਜਾਚ ਸਿਖਾਉਣਾ ਸੀ।

ਗੁਰੂ ਸਾਹਿਬ ਦੇ ਸਮੇਂ ਇਸਤਰੀ ਦੀ ਦੁਰਦਸ਼ਾ ਸਿਖਰਾਂ ਉਤੇ ਪੁੱਜ ਚੁਕੀ ਸੀ। ਉਸ ਦਾ ਜਨਮ ਹੀ ਬਦਸ਼ਗਨਾ ਸਮਝਿਆ ਜਾਣ ਲਗ ਪਿਆ ਸੀ ਜਦੋਂ ਕਿ ਉਹ ਜੱਗ-ਜਨਣੀ ਹੈ। ਬਾਲ ਵਿਆਹ ਤੇ ਪਰਦੇ ਦਾ ਰਿਵਾਜ ਸੀ। ਪੈਸੇ ਦੇ ਜੋਰ ਤੇ ਬੇ-ਜੋੜ ਸ਼ਾਦੀਆਂ ਹੁੰਦੀਆਂ ਸਨ। ਪਤੀ ਦੀ ਚੋਣ ਦਾ ਹੱਕ ਇਸਤਰੀ ਨੂੰ ਨਹੀਂ ਸੀ। ਪਤੀ ਦੀ ਮੌਤ ਹੋ ਜਾਣ ਤੇ ਇਸਤਰੀ ਦੋਬਾਰਾ ਸ਼ਾਦੀ ਨਹੀਂ ਸੀ ਕਰ ਸਕਦੀ। ਮਰਦ ਭਾਵੇਂ ਕਿੰਨੀ ਵਾਰ ਵਿਆਹਿਆ ਜਾਵੇ। ਇਸਤਰੀ ਆਰਥਕ ਤੌਰ ਤੇ ਪਿਤਾ, ਪਤੀ ਤੇ ਪੁੱਤਰ ਦੀ ਸਦਾ ਮੁਥਾਜ ਰਹਿੰਦੀ ਸੀ। ਉਹ ਤਾਂ ਕੇਵਲ ਕਾਮ-ਪੂਰਤੀ ਦਾ ਇਕ ਸਾਧਨ ਹੀ ਸੀ। ਵਿਦਿਅਕ, ਸਮਾਜਕ, ਰਾਜਸੀ ਤੇ ਧਾਰਮਿਕ ਤੌਰ ਤੇ ਇਸਤਰੀ ਸਦਾ ਘਟੀਆ ਮੰਨੀ ਜਾਂਦੀ ਸੀ। ਉਹ ਆਰਥਕ ਤੌਰ ਤੇ ਵੀ ਪਰਾਧੀਨ ਸੀ। ਉਸ ਦੀ ਖ਼ੂਬਸੂਰਤੀ ਵੀ ਉਸ ਲਈ ਸਰਾਪ ਤੁਲ ਸੀ।

ਐਸੀ ਦਸ਼ਾ ਵੇਖ ਕੇ ਗੁਰੂ ਨਾਨਕ ਸਾਹਿਬ ਦਾ ਕੋਮਲ ਹਿਰਦਾ ਦ੍ਰਵ ਉਠਿਆ। ਉਨ੍ਹਾਂ ਇਸਤਰੀ ਦੇ ਹੱਕ ਵਿੱਚ ਉੱਚੀ ਆਵਾਜ਼ ਵਿੱਚ ਉਹ ਗੱਲ ਆਖੀ ਜਿਹੜੀ ਅੱਜ ਤਕ ਕਿਸੇ ਸੁਧਾਰਕ ਆਗੂ ਨੂੰ ਸੁਝੀ ਹੀ ਨਹੀਂ ਸੀ। ਆਪ ਨੇ ਸੰਦੇਸ਼ ਦਿੱਤਾ---

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ।।
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ।।
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ।।
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ।।(੪੭੩)।।

ਇਸ ਤਰ੍ਹਾਂ ਗੁਰੂ ਨਾਨਕ ਸਾਹਿਬ ਨੇ ਇਸਤਰੀ ਦੇ ਖੁਸੇ ਹੋਏ ਸਨਮਾਨ ਨੂੰ ਮੁੜ ਸੁਰਜੀਤ ਕਰਨ ਦਾ ਸੰਦੇਸ਼ ਦਿੱਤਾ ਤੇ ਇਸਤਰੀ ਜਾਤੀ ਨੂੰ ਆਪਣੀ ਖੁੱਸੀ ਹੋਈ ਸ਼ਕਤੀ ਇੱਕਠੀ ਕਰਕੇ ਜਾਗਰਤੀ ਲਿਆਉਣ ਦੀ ਪ੍ਰੇਰਨਾ ਦਿੱਤੀ, ਅੱਜ ਵੀ ਇਸਤਰੀ ਦੀ ਹਾਲਤ ਕੋਈ ਬਹੁਤ ਚੰਗੀ ਨਹੀਂ, ਭਾਵੇਂ ਕਿ ਉਸ ਨੂੰ ਉਸ ਦੇ ਹੱਕ ਦੇਣ ਤੇ ਉਸ ਦੀ ਦਸ਼ਾ ਸੁਧਾਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ, ਪਰ ਜਿਸ ਸਮੇਂ ਗੁਰੂ ਸਾਹਿਬ ਨੇ ਇਸਤਰੀ ਦੇ ਹੱਕ 'ਚ ਭਰਪੂਰ ਆਵਾਜ਼ ਉਠਾਈ, ਉਹ ਆਪਣੇ ਆਪ ਵਿੱਚ ਬਹੁਤ ਕਰਾਂਤੀਕਾਰੀ ਸੰਦੇਸ਼ ਸੀ। ਐਸਾ ਕੋਈ ਮਹਾਨ ਕ੍ਰਾਂਤੀਕਾਰੀ ਹੀ ਕਰ ਸਕਦਾ ਸੀ। ਕਿਸੇ ਮਾੜੇ-ਮੋਟੇ ਸੁਧਾਰਕ ਆਗੂ ਦੇ ਵੱਸ ਦਾ ਇਹ ਰੋਗ ਨਹੀਂ ਸੀ।

ਗੁਰੂ ਨਾਨਕ-ਕਾਲ ਵਿੱਚ ਭੇਖ ਸਿਖਰਾਂ ਉਤੇ ਸੀ। ਧਰਮ ਦੀ ਸੁੱਚਤਾ ਲਈ ਕੁਝ ਚਿੰਨ ਬਣੇ ਸਨ। ਪਰ ਸਮਾਂ ਬੀਤਣ ਨਾਲ ਧਰਮ ਤਾਂ ਲੋਪ ਹੋ ਗਿਆ ਤੇ ਚਿੰਨ੍ਹ ਰਹਿ ਗਏ ਤੇ ਹੌਲੀ ਹੌਲੀ ਲੋਕਾਂ ਨੇ ਚਿੰਨ੍ਹਾਂ ਨੂੰ ਹੀ ਧਰਮ ਸਮਝ ਲਿਆ। ਜਿਹੜੇ ਅਖੌਤੀ, ਧਾਰਮਕ-ਆਗੂ ਲੋਗਾਂ ਨੂੰ ਬੇਵਕੂਫ ਬਣਾਕੇ ਉਨ੍ਹਾਂ ਨੂੰ ਲੁੱਟ ਰਹੇ ਸਨ, ਉਨ੍ਹਾਂ ਜਾਣਬੁਝ ਕੇ ਅਸਲੀ ਧਰਮ ਦੀ ਸੋਝੀ ਦੇਣ ਦੀ ਬਜਾਏ ਲੋਕਾਂ ਨੂੰ ਚਿੰਨ੍ਹਾਂ ਦਾ ਹੀ ਗੁਲਾਮ ਬਣਾ ਦਿੱਤਾ ਤੇ ਆਪਣਾ ਹਲਵਾ-ਮਾਡਾਂ ਛੱਕਦੇ ਰਹੇ। ਇਸ ਤਰ੍ਹਾਂ ਧਰਮ ਦੇ ਨਾਂ ਤੇ ਕਈ ਬੁਰਾਈਆਂ ਹੋਣ ਲਗ ਪਈਆਂ, ਲੜਾਈਆਂ-ਝਗੜੇ ਹੋਣ ਲੱਗੇ। ਇਸ ਤਰ੍ਹਾਂ ਭੇਖ ਨੇ ਅਸਲੀ ਧਰਮ ਨੂੰ ਬਦਨਾਮ ਕਰ ਰਖਿਆ ਸੀ। ਉਸ ਸਮੇਂ ਭਾਂਤ ਭਾਂਤ ਦੀ ਪੂਜਾ ਸ਼ੁਰੂ ਹੋ ਚੁੱਕੀ ਸੀ। ਵਿਅਕਤੀ ਨੂੰ ਕਿਸੇ ਇੱਕ ਉਤੇ ਭਰੋਸਾ ਰੱਖਣ ਦੀ ਬਜਾਏ ਉਸ ਨੂੰ ਅੱਡ-ਅੱਡ ਰਾਹਾਂ ਤੇ ਪਾ ਕੇ ਭੰਬਲ-ਭੂਸੇ ਵਿੱਚ ਪਾਇਆ ਜਾਂਦਾ ਸੀ ਤੇ ਫੇਰ ਉਸ ਦੀ ਮਜਬੂਰੀ ਤੋਂ ਲਾਭ ਉਠਾ ਕੇ ਉਸ ਨੂੰ ਭਾਂਤ-ਭਾਂਤੀ ਤਰੀਕਿਆਂ ਨਾਲ ਲੁੱਟਿਆ ਜਾਂਦਾ ਸੀ। ਗੁਰੂ ਨਾਨਕ ਸਾਹਿਬ ਐਸੀ ਹਾਲਤ ਵੇਖ ਕੇ ਬੜੇ ਚਿੰਤਾਤੁਰ ਹੋਏ। ਅੰਤ ਉਨ੍ਹਾਂ ਲੋਕਾਂ ਨੂੰ ਨਿਰਾਕਾਰ ਪ੍ਰਭੂ ਤੇ ਉਸ ਦੇ ਗੁਣਾਂ ਦਾ ਚਿੰਤਨ ਕਰਨ ਦਾ ਸੰਦੇਸ਼ ਦਿੱਤਾ ਤੇ ਸਮਝਾਇਆ "

ਦੇਵੀ ਦੇਵਾ ਪੂਜੀਐ ਭਾਈ
ਕਿਆ ਮਾਗਉ ਕਿਆ ਦੇਹਿ।।
ਪਾਹਣੁ ਨੀਰਿ ਪਖਾਲੀਐ ਭਾਈ
ਜਲ ਮਹਿ ਬੂਡਹਿ ਤੇਹਿ।।"੬।।(੬੩੭)

ਇਸੇ ਤਰ੍ਹਾਂ ਆਪ ਨੇ ਸੂਤਕ-ਪਾਤਕ, ਸਰਾਧ, ਸੂਰਜ ਨੂੰ ਪਾਣੀ ਦੇਣ ਲਹਿੰਦੇ ਵੱਲ ਪੈਰ ਨਾ ਕਰਨ ਆਦਿ ਫੋਕੇ ਵਿਚਾਰਾਂ ਦੀ ਨਿਖੇਧੀ ਕੀਤੀ। ਉਹ ਮਹਿਸੂਸ ਕਰਦੇ ਸਨ ਕਿ ਧਰਮ ਦੇ ਵਿਖਾਵੇ ਦੇ, ਫੋਕੇ, ਥੋਥੇ ਤੇ ਵਾਧੂ ਚਿੰਨ੍ਹਾਂ ਨੇ ਲੋਕਾਂ ਨੂੰ ਵਹਿਮੀ, ਡਰਾਕਲ ਤੇ ਕਮਜ਼ੋਰ ਬਣਾ ਛਡਿਆ ਹੈ। ਇਸ ਲਈ ਆਪ ਨੇ ਬੜੇ ਜ਼ੋਰਦਾਰ ਸ਼ਬਦਾਂ ਵਿੱਚ ਫੋਕੇ ਵਹਿਮਾਂ ਤੇ ਵਿਖਾਵੇ ਦੇ ਚਿੰਨ੍ਹਾਂ ਵਿਰੁਧ ਕਿਹਾ ਅਤੇ ਸੰਦੇਸ਼ ਦਿੱਤਾ ਕਿ "ਭੇਖ ਦਾ ਨਾਸ਼ ਹੀ ਧਰਮ ਦਾ ਜਨਮ ਹੈ ਅਤੇ ਧਰਮ ਦਾ ਨਾਸ਼ ਭੇਖ ਦੇ ਜਨਮ ਤੋਂ ਹੁੰਦਾ ਹੈ।

ਗੁਰੂ ਸਾਹਿਬ ਨੇ ਸਮੁੱਚੀ ਮਨੁੱਖਤਾ ਨੂੰ ਕੇਵਲ ਦੋ ਵਰਗਾਂ ਵਿੱਚ ਵੰਡਿਆ-ਗੁਰਮੁਖ ਤੇ ਮਨਮੁਖ।

ਗੁਰਮੁਖ ਉਹ ਜਿਹੜੇ ਗੁਰੂ ਦੀ ਦੱਸੀ ਜੀਵਨ-ਜਾਚ ਅਨੁਸਾਰ ਚਲਦੇ ਹਨ ਭਾਵੇਂ ਉਹ ਕਿਸੇ ਦੇ ਘਰ ਵੀ ਜੰਮਣ ਤੇ ਮਨਮੁਖ ਉਹ ਜਿਹੜੇ ਆਪਣੀ ਮਤ



www.AKJ.Org

ਅਨੁਸਾਰ ਕਾਰਜ ਕਰਦੇ ਹਨ ਚਾਹੇ ਉਹ ਬ੍ਰਾਹਮਣਾਂ ਦੇ ਘਰ ਜੰਮੇ ਹੋਣ। ਇਸ ਤਰ੍ਹਾਂ ਅਖੌਤੀ ਨੀਵੀਆਂ ਜਾਤੀਆਂ ਦਾ ਮਨੋਬਲ ਉੱਚਾ ਹੋਇਆ ਤੇ ਉਨ੍ਹਾਂ ਨੂੰ ਅਹਿਸਾਸ ਹੋਇਆ ਕਿ ਉਹ ਵੀ ਸਭ ਕੁਝ ਬਣ ਸਕਦੇ ਹਨ, ਜੋ ਬਣਨ ਤੋਂ ਅਖੌਤੀ ਉਚੀਆਂ ਜਾਤਾਂ ਉਹਨਾਂ ਨੂੰ ਰੋਕਦੀਆਂ ਹਨ। ਗੁਰੂ ਜੀ ਨੇ ਕਥਨੀ ਤੇ ਕਰਨੀ ਰਾਹੀਂ ਜ਼ਾਤ-ਪਾਤ ਦੇ ਫੋਕੇ ਪਾਜ ਨੂੰ ਉਘਾੜ ਕੇ ਮਨੁੱਖੀ ਬਰਾਬਰੀ ਦਾ ਪਰਚਾਰ ਕੀਤਾ। ਗੁਰੂ ਸਾਹਿਬ ਦੇ ਜੀਵਨ-ਕਾਲ ਵਿੱਚ ਜ਼ਾਤ-ਪਾਤ ਬੜਾ ਭਿਆਨਕ ਰੂਪ ਧਾਰਨ ਕਰ ਚੁਕੀ ਹੋਈ ਸੀ। ਆਪਣੇ ਆਪ ਨੂੰ ਉੱਚਾ ਸਮਝਣ ਵਾਲੇ ਦੂਸਰਿਆਂ ਨਾਲ ਹਰ ਪ੍ਰਕਾਰ ਦਾ ਜ਼ੁਲਮ ਤੇ ਜ਼ਬਰ ਕਰਦੇ ਸਨ। ਉਹ ਨਾ ਧਰਮ-ਪੁਸਤਕਾਂ ਪੜ੍ਹ ਸਕਦੇ ਸਨ ਨਾ ਧਰਮ-ਸਥਾਨਾਂ ਅੰਦਰ ਜਾ ਸਕਦੇ ਸਨ। ਉਨ੍ਹਾਂ ਨੂੰ ਵਸਤੀ ਤੋਂ ਬਾਹਰ ਰਹਿਣਾ ਪੈਂਦਾ ਸੀ ਤੇ ਵਸਤੀ ਵਿੱਚ ਆਉਣ ਸਮੇਂ ਉੱਚੀ-ਉੱਚੀ ਆਵਾਜ਼ਾਂ ਦੇਣੀਆਂ ਪੈਂਦੀਆਂ ਸਨ ਤਾਂ ਕਿ ਉੱਚੀ ਜ਼ਾਤ ਵਾਲੇ ਉਹਨਾਂ ਦੇ ਪਰਛਾਵੇਂ ਤੋਂ ਵੀ ਬਚ ਸਕਣ। ਗੁਰੂ ਜੀ ਨੇ ਆਪਣੇ ਜੀਵਨ ਤੇ ਰਚਨਾ ਰਾਹੀਂ ਇਸ ਕੋਝੀ ਰੀਤ ਦੀ ਭਰਪੂਰ ਨਿਖੇਧੀ ਕੀਤੀ। ਭਾਈ ਲਾਲੋ ਦੇ ਘਰ ਰਹਿਣਾ, ਉਸ ਦੇ ਭੋਜਨ ਨੂੰ ਪਵਿੱਤਰ ਕਹਿਣਾ, ਗੁਰੂ ਸਾਹਿਬ ਦਾ ਜ਼ਾਤ-ਪਾਤ ਤੇ ਊਚ-ਨੀਚ ਵਿਰੁੱਧ ਆਪਣੇ ਢੰਗ ਨਾਲ ਰੋਸ ਸੀ। ਆਪ ਨੇ ਗੱਜ-ਵੱਜ ਕੇ ਫੁਰਮਾਇਆ* *ਜਾਤਿ ਜਨਮੁਨਹ ਪੂਛੀਐ ਸਚੁ ਘਰੁ ਲੇਹੁ ਬਤਾਇ।। ਸਾ ਜਾਤਿ ਸਾ ਪਤ ਹੈ ਜੇਹੇ ਕਰਮ ਕਮਾਇ।।'* ਆਪ ਦੇ ਕਹਿਣ ਦਾ ਸਪਸ਼ਟ ਭਾਵ ਹੈ ਕਿ ਜਨਮ ਨਾਲ ਕੋਈ ਵੱਡਾ ਛੋਟਾ ਨਹੀਂ ਹੁੰਦਾ ਸਗੋਂ ਕਰਮਾਂ ਨਾਲ ਹੁੰਦਾ ਹੈ, ਜਿਹਾ ਕੰਮ ਕੋਈ ਕਰੇਗਾ ਉਹੋ ਹੀ ਉਸਦੀ ਜ਼ਾਤ ਹੋਏਗੀ। ਵਾਹਿਗੁਰੂ ਦੀ ਨਦਰ ਵੀ ਜਨਮ ਕਾਰਨ ਨਹੀਂ, ਕੰਮਾਂ ਅਨੁਸਾਰ ਹੁੰਦੀ ਹੈ-

*"ਵਰਨਾ ਵਰਨ ਨਾ ਭਾਵਨੀ ਜੇ ਕਿਸੈ ਵਡਾ ਕਰੇਇ।।"* ੫੩

ਗੁਰੂ ਜੀ ਨੇ ਕਿਹਾ ਜੇਕਰ ਤੁਸੀਂ ਲੋਕ ਮਨੁੱਖਾਂ ਵਾਲੇ ਕਾਰਜ ਕਰੋਗੇ ਤੇ ਨਾਮ-ਸਿਮਰਨ ਕਰੋਗੇ ਤਾਂ ਕੋਈ ਸ਼ਕਤੀ ਤੁਹਾਨੂੰ ਅਕਾਲ ਪੁਰਖ ਨਾਲ ਇੱਕ ਮਿੱਕ ਹੋਣ ਤੋਂ ਨਹੀਂ ਰੋਕ ਸਕੇਗੀ। ਸੱਚ ਦੇ ਫੈਸਲੇ ਵੇਲੇ ਕਦੇ ਵੀ ਤੁਹਾਡਾ ਜਨਮ ਤੁਹਾਡੇ ਰਾਹ ਵਿੱਚ ਰੋਕ ਨਹੀਂ ਬਣੇਗਾ। ਆਪ ਦਾ ਅੱਦੁਤੀ ਸੰਦੇਸ਼ ਹੈ-

"ਜਾਤੀ ਦੈ ਕਿਆ ਹਥਿ ਸਚੁ ਪਰਖੀਐ।।"--(੧੪੨)

ਰਾਜ-ਸੱਤਾ ਦੇ ਜ਼ੋਰ ਤੋਂ ਧਾਰਮਕ-ਸ਼ੋਸ਼ਣ ਨੂੰ ਵੀ ਆਪ ਨੇ ਪਸੰਦ ਨਹੀਂ ਕੀਤਾ। ਧਾਰਮਿਕ ਤੌਰ ਤੇ ਨਾ ਹੀ ਉਨ੍ਹਾਂ ਨੇ ਰਾਜ-ਸੱਤਾ ਨੂੰ ਕਬੂਲ ਕੀਤਾ ਤੇ ਨਾ ਹੀ ਚਲੀ ਆ ਰਹੀ ਪਰੰਪਰਾ ਦਾ ਸਾਥ ਦਿੱਤਾ। ਆਰਥਕ-ਖੇਤਰ ਵਿੱਚ ਹੁੰਦੇ ਜਾਗੀਰਦਾਰੀ ਤੇ ਵਪਾਰੀ ਸੂਦ-ਖੋਰੀ ਦੇ ਸ਼ੋਸ਼ਨ ਤੋਂ ਵੀ ਉਹ ਨਾ -ਖੁਸ਼ ਸਨ। ਧਾਰਮਿਕ ਖੇਤਰ ਵਿੱਚ ਪੰਡਤਾਂ ਤੇ ਮੌਲਵੀਆਂ ਨੇ ਸ਼ੋਸ਼ਨ ਦਾ ਬਾਜ਼ਾਰ ਗਰਮ ਕੀਤਾ ਹੋਇਆ ਸੀ। ਉਹ ਧਰਮ ਨੂੰ ਪਾਲਦੇ ਨਹੀਂ ਸਨ ਸਗੋਂ ਵੇਚਦੇ ਸਨ। ਲੋਕਾਂ ਨੂੰ ਧਰਮੀ ਬਨਾਉਣ ਦੀ ਥਾਂ ਅਧਰਮੀ ਬਣਾ ਰਹੇ ਸਨ। ਇਸ ਵਿਰੁੱਧ ਵੀ ਆਪ ਨੇ ਜ਼ੋਰਦਾਰ ਆਵਾਜ਼ ਉਠਾਈ। ਜਿਹੜੇ ਵਿਦਵਾਨ ਆਪਣੀ ਲੋਕ ਬੋਲੀ ਤੋਂ ਮੂੰਹ ਮੋੜ ਕੇ, ਵਿਦਵਤਾ ਦਾ ਹੰਕਾਰ ਕਾਇਮ ਰੱਖਣ ਦੇ ਵਿਚਾਰ ਨਾਲ ਆਮ ਲੋਕਾਂ ਦੀ ਸਮਝ ਤੋਂ ਦੂਰ ਲੈ ਜਾਣ ਵਾਲੀਆਂ ਬੋਲੀਆਂ ਵਿੱਚ ਰਚਨਾ ਕਰਦੇ ਸਨ, ਉਹਨਾਂ ਨੂੰ "ਘਰਿ ਘਰਿ ਮੀਆਂ ਸਭਨਾਂ ਜੀਆਂ ਬੋਲੀ ਅਵਰ ਤੁਮਰੀ" ਕਹਿਕੇ ਨਾ-ਪਸੰਦ ਕੀਤਾ।

ਉਹ ਰਾਜਨੀਤਕ, ਆਰਥਕ, ਸਮਾਜਕ ਤੇ ਸਭਿਆਚਾਰਕ ਖੇਤਰ ਵਿੱਚ ਹਰ ਪ੍ਰਕਾਰ ਦੇ ਸ਼ੋਸ਼ਨ ਦੇ ਵਿਰੁੱਧ ਸਨ। ਆਪ ਨੇ ਨਿਰਭੈ ਹੋ ਕੇ ਰਾਜਿਆਂ, ਨਵਾਬਾਂ, ਜਾਗੀਰਦਾਰਾਂ ਆਦਿ ਵਿਰੁੱਧ ਆਵਾਜ਼ ਉਠਾਈ। ਆਪ ਦਾ ਇਹ ਕਹਿਣਾ ਕਿ ਉਹਨਾਂ ਦਾ ਸ਼ਖਸ਼ੀ ਤੇ ਰਾਜਨੀਤਕ ਕਿਰਦਾਰ ਖੂੰ-ਖਾਰ ਸ਼ੀਹਾਂ ਤੇ ਕਮੀਨੇ-ਕੁੱਤਿਆਂ ਵਰਗਾ ਹੈ ਕੋਈ ਮਾਮੂਲੀ ਗੱਲ ਨਹੀਂ ਸੀ। ਇਸ ਤਰ੍ਹਾਂ ਬੁਰਾਈ ਦੀਆਂ ਸ਼ਕਤੀਆਂ ਨੂੰ ਵੰਗਾਰਨਾ ਕਿਸੇ "ਮਰਦੇ ਮੁਜਾਹਿਦ" ਦਾ ਹੀ ਕੰਮ ਸੀ ਕਿਸੇ ਹਾਰੀ-ਸਾਰੀ ਦਾ ਨਹੀਂ *'ਹਕ ਪਰਾਇਆ ਨਾਨਕਾ ਉਸ ਸੂਅਰ ਉਸ ਗਾਇ'* ਕਹਿ ਸਕਣਾ ਕਿਸੇ ਨੈਤਿਕ-ਦਲੇਰੀ ਰੱਖਣ ਵਾਲੇ ਵਿਅਕਤੀ ਦੀ ਹੀ ਜੁਅਰਤ ਹੋ ਸਕਦੀ ਸੀ। ਗੁਰੂ ਨਾਨਕ ਦੇਵ ਜੀ ਨੇ ੧੪੬੯ ਤੋਂ ੧੫੩੯ ਦੇ ਦੌਰਾਨ ਲੋਧੀ, ਮੁਗਲ ਤੇ ਸੂਰੀ ਸ਼ਾਸ਼ਕਾ ਦੇ ਸ਼ਾਸ਼ਨ-ਕਾਲ ਵਿੱਚ ਸਮਾਜਕ ਦਸ਼ਾ ਨੂੰ ਬੜੇ ਗਹੁ ਨਾਲ ਵੇਖਿਆ ਤੇ ਜੋ ਕੁਝ ਉਨ੍ਹਾਂ ਅਨੁਭਵ ਕੀਤਾ, ਉਸ ਦਾ ਸਾਰੰਸ਼ ਇਨ੍ਹਾਂ ਸ਼ਬਦਾਂ ਵਿੱਚ ਦਿੱਤਾ

ਲਬੁ ਪਾਪੁ ਹੋਇ ਰਾਜਾ ਮਹਤਾ ਕੂੜੁ ਹੋਆ ਸਿਕਦਾਰ।।
ਕਾਮੁ ਨੇਬੁ ਸਦਿ ਪੂਛੀਐ ਬਹਿ ਬਹਿ ਕਰੇ ਬੀਚਾਰੁ।।

ਆਪ ਦਾ ਸਮਾਂ ਰਜਵਾੜਾ ਸ਼ਾਹੀ ਦਾ ਸਮਾਂ ਸੀ। ਆਪ ਰਾਜ-ਕਾਜ ਦੇ ਇਸ ਢਾਂਚੇ ਤੋਂ ਅਸੰਤੁਸ਼ਟ ਸਨ। ਆਪ ਦੇ ਵਿਚਾਰਾਂ ਵਿੱਚ ਇਨ੍ਹਾਂ ਰਜਵਾੜਿਆਂ, ਰਾਜਿਆਂ, ਬਾਦਸ਼ਾਹਾਂ ਅਤੇ ਰਾਜ-ਕਾਜ ਚਲਾਉਣ ਵਾਲੇ ਕਰਮ-ਚਾਰੀਆਂ ਪ੍ਰਤੀ ਘ੍ਰਿਣਾ ਪਰੱਤਖ ਦਿਸਦੀ ਹੈ। ਆਪ ਨੇ ਬੜੀ ਜੁਰਅਤ ਨਾਲ ਕਿਹਾ ਹੈ:-



www.AKJ.Org

"ਰਾਜੇ ਸੀਹ ਮੁਕਦਮ ਕੁੱਤੇ"। (੧੨੮੮)

ਆਪ ਨੇ ਲਿਖਿਆ ਹੈ ਕਿ ਲੋਕਾਂ ਨੂੰ ਨਿਆਂ ਨਹੀਂ ਸੀ ਮਿੱਲਦਾ, ਵੱਢੀ ਦਿਤੇ ਬਿਨ੍ਹਾਂ ਕੋਈ ਕੰਮ ਨਹੀਂ ਸੀ ਹੁੰਦਾ। ਆਪ ਨੇ ਨਿਰਭੈ ਹੋ ਕੇ ਲਿਖਿਆ "ਲਏ ਦਿਤੇ ਵਿਣੁ ਰਹੇ ਨ ਕੋਈ। ਰਾਜਾ ਨਿਆਉ ਕਰੇ ਹੱਥ ਹੋਇ। ਕਹੈ ਖੁਦਾਇ ਨ ਮਾਨੈ ਕੋਇ।।"

ਲੋਕਾਂ ਦਾ ਪ੍ਰਤੀਕਰਮ ਵੀ ਗੁਰੂ ਜੀ ਦੀ ਰਚਨਾ ਵਿੱਚ ਪ੍ਰਤੱਖ ਹੈ, "ਕਲਿ ਹੋਈ ਕੁਤੇ ਮੁਹੀ ਖਾਜ ਹੋਇਆ ਮੁਰਦਾਰ"।। ਪਰੰਪਰਾ ਨੂੰ ਸਵੀਕਾਰ ਨਾ ਕਰਨਾ ਬਹੁਤ ਵੱਡੀ ਗੱਲ ਹੈ ਪਰ ਪਰੰਪਰਾ ਨੂੰ ਚਣੌਤੀ ਦੇ ਕੇ, ਦਲੀਲ ਰਾਹੀਂ ਸਹੀ ਰਾਹ ਦੱਸਣਾ ਤੇ ਨਵੀਂ ਪਰੰਪਰਾ ਬਣਾਉਣੀ ਬਹੁਤ ਹੀ ਮਾਅਰਕੇ ਦੀ ਗੱਲ ਹੈ। ਆਪ ਨੇ ਜੀਵਨ ਭਰ ਸਮਾਜ ਦੀਆਂ ਬੋਦੀਆਂ, ਕੱਚੀਆਂ-ਪਿੱਲੀਆਂ ਤੇ ਗਲਤ ਕਦਰਾਂ-ਕੀਮਤਾਂ ਨੂੰ ਚੁਣੌਤੀ ਦਿੱਤੀ, ਭੇਖ ਨੂੰ ਭੰਡਿਆ ਵਿਤਕਰਿਆਂ ਦੇ ਵੱਟਾਂ-ਬੰਨਿਆ ਨੂੰ ਭੰਨਿਆ। ਮਨੁੱਖਤਾ ਨੂੰ ਠੀਕ ਰਾਹ ਵਿਖਾਇਆ, ਸਮਾਜ ਦੀ ਚਾਲ ਨੂੰ ਬਦਲਿਆ। ਆਪ ਦੀ ਵਡਿਆਈ ਇਸ ਗੱਲ ਵਿੱਚ ਹੈ ਕਿ ਜੋ ਸੰਦੇਸ਼ ਆਪ ਨੇ ਲੁਕਾਈ ਨੂੰ ਦਿੱਤਾ, ਉਸ ਉਤੇ ਆਪ ਡੱਟ ਕੇ ਅਮਲ ਕੀਤਾ। ਇਸੇ ਲਈ ਆਪ ਦੀ ਆਵਾਜ਼ ਸਮਾਜ ਲਈ ਕਲਿਆਣਕਾਰੀ ਸਿੱਧ ਹੋਈ। "ਨਿਰਭੈ ਹੋਕੇ ਸੱਚ ਦਾ ਸਾਥ ਦੇਣਾ," ਆਪ ਵਲੋਂ ਮਨੁੱਖ ਜਾਤੀ ਨੂੰ ਸਭ ਤੋਂ ਵੱਡਾ ਸੰਦੇਸ਼ ਹੈ।

ਗੁਰੂ ਨਾਨਕ ਦੇਵ ਜੀ ਦਾ ਜਨਮ ਤਲਵੰਡੀ (ਨਨਕਾਣਾ ਸਾਹਿਬ) ਜ਼ਿਲਾ ਸ਼ੇਖੂਪੁਰਾ ਵਿਖੇ ਵੈਸਾਖ ਸੁਦੀ ਤਿੰਨ, ਸੰਮਤ ੧੫੨੬ ਮੁਤਾਬਕ ੧੪੬੯ ਈਸਵੀ ਨੂੰ ਹੋਇਆ। ਆਪ ਨੇ ਜੀਵਨ ਦੇ ਮੁਢਲੇ ਸਾਲ ਆਪਣੀ ਜਨਮ ਭੂਮੀ ਵਿਖੇ ਗੁਜ਼ਾਰੇ ਤੇ ਫੇਰ ਸੁਲਤਾਨਪੁਰ ਲੋਧੀ ਚਲੇ ਗਏ, ਜਿਥੇ ਲਗਪਗ ਤੀਹ ਸਾਲਾਂ ਦੀ ਉਮਰ ਤੱਕ ਰਹੇ। ਫੇਰ ੫੨ ਸਾਲ ਦੀ ਉਮਰ ਤੱਕ ਆਪ ਨੇ ਹਿੰਦੁਸਤਾਨ ਦੇ ਅੱਡ ਅੱਡ ਭਾਗਾਂ ਤੇ ਕੁਝ ਬਾਹਰਲੇ ਦੇਸ਼ਾ ਦਾ ਸਫਰ ਕੀਤਾ। ਆਪ ਦੇ ਇਹ ਸਫਰ "ਉਦਾਸੀਆਂ ਕਹੇ ਜਾਂਦੇ ਹਨ। ਇਨ੍ਹਾਂ ਉਦਾਸੀਆਂ ਦਾ ਇਤਿਹਾਸਕ ਤੇ ਸਮਾਜਕ ਪੱਖੋਂ ਬਹੁਤ ਮਹੱਤਵ ਹੈ। ਪਹਿਲੀ ਉਦਾਸੀ ਸਮੇਂ ਗੁਰੂ ਜੀ ਨੇ ਹਿੰਦੂਆਂ ਦੇ ਧਰਮ ਸਥਾਨਾਂ ਉਤੇ ਜਾ ਕੇ ਹਿੰਦੂ ਧਰਮ ਦਾ ਅਸਲੀ ਸਰੂਪ ਸਮਝਾਇਆ। ਦੂਜੀ ਉਦਾਸੀ ਵੇਲੇ ਬੋਧੀਆਂ ਤੇ ਜੈਨੀਆਂ ਨੂੰ ਤੇ ਤੀਜੀ ਉਦਾਸੀ ਦੌਰਾਨ ਨਾਥਾਂ ਤੇ ਜੋਗੀਆਂ ਨੂੰ ਅਤੇ ਚੌਥੀ ਉਦਾਸੀ ਵੇਲੇ ਮੁਸਲਮਾਨਾਂ ਨੂੰ ਉਹਨਾਂ ਦੇ ਧਰਮ ਦੀ ਸਹੀ ਤਸਵੀਰ ਵਿਖਾਈ। ਇਨ੍ਹਾਂ ਉਦਾਸੀਆਂ ਦਾ ਮਹੱਤਵ ਇਹ ਹੈ ਕਿ ਆਮ ਤੌਰ ਤੇ ਧਾਰਮਕ ਵਿਅਕਤੀ ਲੋਕਾਂ ਨੂੰ ਆਪਣੇ ਪਾਸ ਬੁਲਾਉਂਦੇ ਹਨ ਪਰ ਕਮਾਲ ਹੈ ਗੁਰੂ ਸਾਹਿਬ ਦਾ ਕਿ ਉਹ ਆਪ ਅੱਡ ਅੱਡ ਵਰਗਾਂ ਦੇ ਲੋਕਾਂ ਪਾਸ ਦੂਰ-ਦਰਾਜ਼ ਤੱਕ ਗਏ ਤੇ ਆਪਣਾ ਸੰਦੇਸ਼ ਉਹਨਾਂ ਤੱਕ ਪੁਚਾਇਆ।

ਲਗਪਗ ੨੨ ਸਾਲਾਂ ਤਕ ਦੇਸ਼-ਦੇਸ਼ਾਤਰਾਂ ਦਾ ਸਫਰ ਕਰਨ ਪਿਛੋਂ ੧੫੨੧ ਤੋਂ ਆਪ ਕਰਤਾਰਪੁਰ ਵਿੱਚ ਆਪਣੇ ਪਰਵਾਰ ਨਾਲ ਟਿੱਕ ਕੇ ਗ੍ਰਹਿਸਤੀ ਜੀਵਨ ਬਤੀਤ ਕਰਦੇ ਰਹੇ। ਉਥੇ ਆਪ ਨੇ ਖੇਤੀਬਾੜੀ ਦਾ ਧੰਦਾ ਕੀਤਾ। ਆਪ ਜੋਤੀ-ਜੋਤਿ ਸਮਾਉਣ ਤੱਕ ੧੫੩੯ ਈਸਵੀ ਬਹੁਤਾ ਸਮਾਂ ਉਥੇ ਹੀ ਰਹੇ। ਗੁਰੂ ਨਾਨਕ ਸਾਹਿਬ ਦੇ ਸੰਘਰਸ਼ਸ਼ੀਲ ਜੀਵਨ ਤੇ ਭਿੰਨ ਭਿੰਨ ਰਾਗਾਂ ਤੇ ਛੰਦਾਂ ਵਿੱਚ ਰਚੀਆਂ ਬਾਣੀਆਂ ਦੇ ਅਧਿਐਨ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਆਪ ਇਕ ਭਰਪੂਰ ਸ਼ਖਸੀਅਤ ਦੇ ਮਾਲਕ ਸਨ। ਆਪ ਮਹਾਨ-ਕਵੀ ਹੋਣ ਤੋਂ ਛੁਟ ਸਫਲ ਗ੍ਰਹਿਸਤੀ, ਚੰਗੇ ਸ਼ਹਿਰੀ, ਚੇਤੰਨ ਦਾਰਸ਼ਨਿਕ, ਸੁਲਝੇ ਹੋਏ ਪਰਚਾਰਕ, ਅਣਥੱਕ ਸਮਾਜ-ਸੁਧਾਰਕ ਅਤੇ ਨਿਰਭੈ ਕਰਾਂਤੀਕਾਰੀ ਸਨ। ਜਿਹੜਾ ਮਹਾਨ ਸੰਦੇਸ਼ ਆਪਨੇ ਸਮਕਾਲੀ ਲੋਕਾਂ ਨੂੰ ਦਿੱਤਾ ਸੀ, ਉਹ ਅੱਜ ਸਵਾ ਪੰਜ ਸੌ ਸਾਲ ਗੁਜ਼ਰ ਜਾਣ ਤੋਂ ਬਾਅਦ ਵੀ ਮਾਣ-ਯੋਗ ਤੇ ਧਿਆਨ-ਯੋਗ ਹੈ।-

## ਸੋਧ

ਸੂਰਾ ੧੦/੯੭ ਦੇ ਅੰਕ ਵਿਚ ਪਰੂਫ ਰੀਡਿੰਗ ਦੀ ਗਲਤੀ ਨਾਲ ਹੋਈਆਂ ਕੁਝ ਗਲਤੀਆਂ ਹੇਠ ਲਿਖੇ ਅਨੁਸਾਰ ਸੋਧ ਲਈਆਂ ਜਾਣ। ਇਨ੍ਹਾਂ ਗਲਤੀਆਂ ਲਈ ਪਾਠਕਾਂ ਪਾਸੋਂ ਖਿਮਾ ਦੇ ਜਾਚਕ ਹਾਂ।

੧. ਪੰਨਾ ੮ ਤੇ 'ਜਾ ਕੇ ਮਨ' ਦੀ ਥਾਂ 'ਜਾ ਕੈ ਮਨ' ਪੜ੍ਹਿਆ ਜਾਵੇ।

੨. ਪੰਨਾ ੧੮ ਤੇ ਪਹਿਲੇ ਕਾਲਮ ਦੀ ਦੂਸਰੀ ਲਾਈਨ ਗੁਰੂ ਅਮਰਦਾਸ ਦੀ ਥਾਂ ਗੁਰੂ ਰਾਮਦਾਸ ਜੀ ਪੜ੍ਹਿਆ ਜਾਵੇ।

੩. ਪੰਨਾ ੨੫ ਤੇ ਦੂਸਰੇ ਕਾਲਮ ਦੇ ਥੱਲੇ ਪੰਨਾ ੧੨ ਦਾ ਬਾਕੀ ਵਿਚ ਉਪਰੋਂ ਤੀਸਰੀ ਲਾਈਨ ਵਿਚ 'ਸੁਖਮਨੀ ਸਾਹਿਬ' ਦੀ ਥਾਂ 'ਸੁਖਮਨਾ ਸਾਹਿਬ' ਪੜ੍ਹਿਆ ਜਾਵੇ।

੪. ਪੰਨਾ ੨੬ ਤੇ ਗੁਰਮਤਿ ਅਤੇ ਮਾਸ ਨਾਮਕ ਲੇਖ ਵਿਚ 'ਉਨ ਝਟਕਾ ਉਨ........ ਘਰ ਲਾਗੀ।।' ਵਾਲਾ ਪ੍ਰਮਾਣ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਨਹੀਂ ਹੈ ਜੀ।

ਨੋਟ :- ਵਿਦਵਾਨ ਲੇਖਕਾਂ ਪ੍ਰਤੀ ਬੇਨਤੀ ਹੈ ਕਿ ਲੇਖਾਂ ਵਿਚਲੇ ਗੁਰਬਾਣੀ ਪ੍ਰਮਾਣ ਸੋਧ ਕੇ ਅਤੇ ਪੂਰੀ ਤਸਦੀਕ ਕਰਕੇ ਹੀ ਲਿਖਿਆ ਕਰਨ। (ਸੰਪਾਦਕ)



www.AKJ.Org

# ਗੁਰੂ ਨਾਨਕ ਦਾ ਮਾਰਗ-ਕਰਨੀ ਦਾ ਮਾਰਗ

(ਸੰਗਤ ਸਿੰਘ ਹੀਰਾ, ਡੀ 237, ਨਹਿਰੂ ਵਿਹਾਰ ਦਿੱਲੀ-54 )

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਅਵਤਾਰ ਧਰਤੀ ਤੇ ਪ੍ਰਗਟ ਹੋਏ ਤਾਂ, ਉਸ ਤੋਂ ਪਹਿਲਾਂ ਮਨੁਖਤਾ ਸੱਚ-ਮੁਚ ਦਮ ਤੋੜ ਚੁਕੀ ਸੀ। ਸੰਸਾਰ ਤੋਂ ਪ੍ਰੀਤ, ਨਿਮਰਤਾ, ਗਿਆਨ ਅਤੇ ਆਦਰਸ਼ ਬਿਲਕੁਲ ਖ਼ਤਮ ਹੋ ਚੁਕੇ ਸਨ। ਮਨੁੱਖ ਮਨੁੱਖੀ ਜਾਮੇ ਵਿਚ ਜਾਨਵਰਾਂ ਤੋਂ ਵੀ ਬਦਤਰ ਹਰਕਤਾਂ ਕਰਨ ਦਾ ਆਦੀ ਬਣ ਚੁਕਾ ਸੀ। ਧੀਰਜ ਦੀ ਦੇਵੀ ਧਰਤੀ ਵੀ ਡਗ ਮਗਾਨ ਲੱਗ ਪਈ। ਅਕਾਲ ਪੁਰਖ ਦਾਤਾਰ ਨੇ ਸੰਸਾਰ ਦੀ ਇਹ ਦਸ਼ਾ ਵੇਖ ਕੇ ਸਭ ਤੋਂ ਪਹਿਲਾਂ ਸਮਾਂ ਅਤੇ ਸਥਾਨ ਦੀ ਚੋਣ ਕੀਤੀ। ਕਿਸ ਸਮੇਂ ਅਤੇ ਕਿਸ ਸਥਾਨ ਤੇ ਗੁਰੂ ਦਾ ਅਵਤਾਰ ਹੋਵੈ ਕਿ ਉਹ ਦੁਖੀ-ਦੁਨੀਆਂ ਦੇ ਕਲਿਆਣ ਦਾ ਸਾਧਨ ਬਣੇ। ਸਮੇਂ ਦੀ ਚੋਣ ਵਿਚ ਘੋਰ-ਕਲਯੁਗ ਦਾ ਸਮਾਂ ਚੁਣਿਆ ਗਿਆ ਅਤੇ ਸਥਾਨ ਦੀ ਚੋਣ ਵਿਚ ਪੰਜਾਬ ਦੀ ਧਰਤੀ ਮਿਥੀ ਗਈ।

ਇਤਿਹਾਸ ਦੇ ਪੰਨਿਆਂ ਅਨੁਸਾਰ ਪੀਰਾਂ ਦੇ ਪੀਰ ਦਾ ਮਹਾਨ ਵਲੀ ਸੱਚਾ ਰਹਿਬਰ ਮਹਿਤਾ ਕਾਲੂ ਦੇ ਗ੍ਰਹਿ ਵਿਖੇ ਸਪੁਤਰ ਦੇ ਰੂਪ ਵਿਚ ੧੪੬੯ ਈਸਵੀ ਨੂੰ ਧਰਤੀ ਤੇ ਆਇਆ।

ਆਪ ਦੇ ਬਚਪਨ ਤੋਂ ਕਹਾਣੀਆਂ ਆਮ ਬੱਚੇ ਦੀਆਂ ਕਹਾਣੀਆਂ ਤੋਂ ਬਿਲਕੁਲ ਵਖਰੀਆਂ ਸਨ। ਆਪ ਜੀ ਦਾ ਹਰ ਕੰਮ ਵੇਖਨ ਸਨਣ ਵਾਲੇ ਨੂੰ ਆਪ ਜੀ ਦੇ ਸਾਧਾਰਨ ਸਰੀਰ ਤੋਂ ਇਕ ਨੂਰੀ ਸ਼ਖਸ਼ੀਅਤ ਹੋਣ ਦਾ ਟਪਲਾ ਲਾਉਂਦੀ ਸੀ। ਜੇ ਆਪ ਨੂੰ ਮੱਝਾਂ ਚਾਰਨ ਦਾ ਕੰਮ ਸੌਂਪਿਆ ਗਿਆ, ਤਾਂ ਵੇਖਣ ਵਾਲਿਆਂ ਦੀਆਂ ਅੱਖਾਂ ਨੇ ਵਚਿਤਰ ਲੀਲਾ ਵਾਂਗ ਚਕਰਾ ਗਈਆਂ। ਜਦ ਉਹਨਾਂ ਨੂੰ ਉਜੜੇ ਹੋਏ ਖੇਤ ਪਹਿਲਾਂ ਨਾਲੋਂ ਵਧ ਹਰੇ ਹਰੇ-ਭਰੇ ਨਜ਼ਰ ਆਏ, ਤਾਂ ਵਕਤ ਦੇ ਹਾਕਮ ਰਾਏ ਬੁਲਾਰ ਨੂੰ ਆਪ ਦੀ ਨੂਰੀ ਹਸਤੀ ਦਾ ਕਾਇਲ ਹੋਣਾ ਪਿਆ। ਸ਼ੇਸ਼ਨਾਗ ਦੀ ਛਾਇਆ ਵਿੱਚ ਸੁੱਤਾ ਹੋਇਆ ਵੇਖ, ਇਹ ਬਾਲ ਬਾਬਾ ਨਾਨਕ ਕਈ ਨਿਆਸਰਿਆਂ ਨੂੰ ਆਸਰਾ ਦੇਣ ਦੀ ਆਸ਼ਾ ਪੂਰੀ ਕਰਨ ਵਾਲਾ ਨਜ਼ਰ ਲਾਉਣ ਲੱਗ ਪਿਆ। ਪਿਤਾ ਦੀਆਂ ਅੱਖਾਂ ਵਿਚ ਬਾਬਾ ਨਾਨਕ ਇਕ ਨਿਖੁਟ ਪੁੱਤਰ ਆਲਸੀ ਅਤੇ ਚੋੜ ਚਾਨਣ ਵਿਗੜਿਆ ਹੋਇਆ ਬੱਚਾ ਸੀ। ਕਾਲੂ ਨੂੰ ਇਹ ਚਿੰਤਾ ਰਹਿੰਦੀ ਸੀ ਕਿ ਨਾਨਕ ਜੇ ਵਿਹਲਾ ਰਿਹਾ ਤਾਂ ਕੀ ਬਣੇਗਾ। ਇਸ ਲਈ ਉਹ ਕਈ ਤਰ੍ਹਾਂ ਦੇ ਪਲਾਨ ਘੜਦਾ, ਪਰੰਤੂ ਸਾਰੇ ਦੇ ਸਾਰੇ ਖਿਆਲੀ ਕਿਲ੍ਹਿਆਂ ਵਾਂਗ ਦਹਿ ਢੇਰੀ ਹੋ ਜਾਂਦੇ ਸਨ। ਸਿਖਿਆ ਆਪ ਨੂੰ ਥੋਥੀ ਲਗੀ ਅਤੇ ਆਪ ਨੇ ਉਹ ਜੌਹਰ ਵਿਖਾਏ ਕੇ ਉਲਟਾ ਪਾਂਧੇ ਨੂੰ ਸਿਕਸ਼ਾ ਪ੍ਰਾਪਤ ਕਰਨੀ ਪਈ।

ਪਿਤਾ ਜੀ ਨੇ ੨੦ ਰੁਪਏ ਦੇ ਕੇ ਆਪ ਨੂੰ ਕੋਈ ਨਫ਼ੇ ਵਾਲਾ ਸੌਦਾ ਕਰਨ ਲਈ ਭੇਜਿਆ ਤਾਂ ਜਿਸ ਕੰਮ 'ਚੋਂ ਆਪ ਨੂੰ ਨਫ਼ਾ ਨਜ਼ਰ ਆਇਆ, ਉਸ ਵਿਚੋਂ ਆਪ ਦੇ ਪਿਤਾ ਜੀ ਨੂੰ ਘਾਟਾ ਦਿਸਿਆ। ਆਪ ਨੇ ਸੌਦਾ ਖਰੀਦਨ ਦੀ ਥਾਂ ਤੇ ਸਾਰੀ ਮਾਇਆ ਸੰਤਾਂ ਦੀ ਭੇਟਾ ਕਰ ਦਿਤੀ ਸੀ ਕਿ ਇਸ ਤੋਂ ਵਧ ਕੇ ਸੱਚਾ ਸੌਦਾ ਹੋਰ ਨਹੀਂ ਹੋ ਸਕਦਾ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜੋ ਕਰਾਂਤੀ ਅਧਿਆਤਮਕ ਤੌਰ ਖੇਤਰ ਵਿਚ ਲਿਆਂਦੀ, ਇਸ ਦੀ ਮਿਸਾਲ ਇਤਿਹਾਸ ਦੇ ਪੰਨਿਆਂ ਤੋਂ ਕਿਤੇ ਵਿਰਲੀ ਹੀ ਲਭਦੀ ਹੈ। ਆਪ ਤੋਂ ਪਹਿਲਾਂ ਕਈ ਪੀਰ ਪੈਗੰਬਰ ਇਸ ਧਰਤੀ ਤੇ ਆਏ, ਉਨ੍ਹਾਂ ਦਾ ਚਰਚਾ ਵੀ ਅੱਜ ਤਕ ਹੈ। ਉਨ੍ਹਾਂ ਨੇ ਵੀ ਸੰਸਾਰ ਤੇ ਉਪਕਾਰ ਤਾਂ ਕੀਤੇ, ਪਰੰਤੂ ਕਰਾਂਤੀ ਨਹੀਂ ਲਿਆ ਸਕੇ। ਕੁਝ ਚੋਣਵੇਂ ਬੰਦਿਆਂ ਨੂੰ ਛੱਡ ਕੇ ਜਨ-ਸਾਧਾਰਨ ਨੂੰ ਉਨ੍ਹਾਂ ਦੇ ਅਵਤਾਰ ਧਾਰਨ ਦਾ ਕੋਈ ਵਿਸ਼ੇਸ਼ ਲਾਭ ਨਹੀਂ ਸੀ ਹੋਇਆ। ਉਨ੍ਹਾਂ ਦੇ ਵਿਚਰਨ ਦਾ ਖੇਤਰ ਰਾਜਿਆਂ-ਮਹਾਰਾਜਿਆਂ ਤਕ ਹੀ ਸੀਮਤ ਰਿਹਾ, ਇਸ ਕਰ ਕੇ ਉਨ੍ਹਾਂ ਦੇ ਨੇੜੇ ਰਹਿਣ ਵਾਲੇ ਲੋਕ ਹੀ ਉਨ੍ਹਾਂ ਦੇ ਗੁਣਾਂ ਦਾ ਸੁਖ ਮਾਣ ਸਕੇ। ਸ੍ਰੀ ਕ੍ਰਿਸ਼ਨ ਜੀ ਮਹਾਰਾਜ ਦੇ ਸਮੇਂ ਭਾਵੇਂ ਕੁਝ ਜਨ-ਸਾਧਾਰਨ ਨਾਲ ਮੇਲ ਵਧਿਆ ਸੀ, ਇਸੇ ਤਰ੍ਹਾਂ ਸ੍ਰੀ ਰਾਮ ਭਗਵਾਨ ਦੇ ਸਮੇਂ ਇਕ ਭੀਲਣੀ ਦਾ ਜ਼ਿਕਰ ਇਤਿਹਾਸ ਵਿਚ ਵਿਸ਼ੇਸ਼ ਤੌਰ ਤੇ ਸਾਂਭਿਆ ਹੋਇਆ ਹੈ, ਪਰੰਤੂ ਸ੍ਰੀ ਗੁਰੂ ਨਾਨਕ ਦੇ ਜੀਵਨ ਦੀ ਵਚਿਤਰ ਲੀਲਾ ਬਚਪਨ ਤੋਂ ਲੈ ਕੇ ਆਖਰੀ ਸੁਆਸਾਂ ਤਕ ਜਨ-ਸਧਾਰਨ ਤੇ ਕੀਤੇ ਉਪਕਾਰਾਂ ਨਾਲ ਭਰੀ ਪਈ ਹੈ। ਇਸੇ ਕਾਰਨ ਆਪ ਨੂੰ ਗਰੀਬ-ਨਿਵਾਜ ਵੀ ਮੰਨਿਆ ਜਾਂਦਾ ਹੈ। ਇਸ ਤੋਂ ਪਹਿਲਾ ਹੋਏ ਅਵਤਾਰਾਂ ਨੂੰ ਹੋਰ ਭਾਵੇਂ ਸਭ ਨੂੰ ਕਿਹਾ ਗਿਆ, ਪਰ ਗਰੀਬ-ਨਵਾਜ ਕਿਤੇ ਨਹੀਂ ਕਿਹਾ ਗਿਆ। ਗਰੀਬੀ ਗਦਾ ਹਮਾਰੀ, ਆਪ ਦਾ ਹੀ ਨਾਹਰਾ ਸੀ।

ਗੁਰੂ ਨਾਨਕ ਦਾ ਮਾਰਗ ਕਥਨੀ ਦਾ ਨਹੀਂ ਕਰਨੀ ਦਾ ਮਾਰਗ ਹੈ। ਇਹ ਤਾਂ ਹੀ ਸੰਭਵ ਹੋ ਸਕਦਾ ਹੈ ਕਿ ਜੇ ਅਸੀ ਕਹੀਏ ਘਟ ਤੇ ਕਰੀਏ ਵਧੀਕ, ਜੇ ਇਤਨਾ ਨਾ ਹੋ ਸਕੇ ਤਾਂ ਘਟੋ-ਘਟ ਨਿਰਾ ਕਹਿਣ ਨੂੰ ਹੀ ਲਗਾਮ ਲਗਾ ਦਈਏ। ਸਿਰਫ਼ ਕਥਨੀ ਨਾਲ ਅਸੀਂ ਗੁਰੂ ਨਾਨਕ ਦਾ ਪ੍ਰਚਾਰ ਨਹੀਂ ਕਰਦੇ ਸਗੋਂ ਇਸਦਾ ਮਖੌਲ ਉਡਾਉਂਦੇ

(ਬਾਕੀ ਪੰਨਾ ੪੦ ਤੇ ...)



www.AKJ.Org

## "ਹਰਿ ਗੁਰੁ ਨਾਨਕੁ ਜਿਨ੍ ਪਰਸਿਓ, ਤੇ ਇਤ ਉਤ ਸਦਾ ਮੁਕਤੇ॥"-(੧੩੮੬)

(ਭਾਈ ਸੁਖਦੇਵ ਸਿੰਘ ਜਾਣੀਆਂ ਅੰਮ੍ਰਿਤਸਰ)

ਚੋਰਾਂ, ਠੱਗਾਂ, ਸਿਧਾਂ ਅਤੇ ਯੋਗੀਆਂ ਦੇ, ਭਰਮ ਕੱਟ ਕੇ ਧਰਮ ਦ੍ਰਿੜਾ ਰਿਹਾ ਏ।
ਗੁਰੂ ਨਾਨਕ ਦੇਵ ਗੁਰੂ ਹੈ ਸਾਰਿਆਂ ਦਾ, ਸ਼ਰਨ ਆਇਆ ਨੂੰ ਚਰਨੀ ਲਾ ਰਿਹਾ ਏ।

ਭਲਾ ਹੋਵੇ ਸੰਸਾਰ ਦਾ ਭਲਾ ਕਿਵੇਂ, ਭਲੇ ਲੋਕ ਛੱਡ ਕੇ ਭਲੀ ਕਾਰ ਬਹਿ ਗਏ।
ਕਈ ਜੰਗਲਾਂ ਵਿੱਚ ਕਈ ਪਰਬਤਾਂ ਤੇ, ਇਉਂ ਛੱਡ ਕੇ ਕਈ ਸੰਸਾਰ ਬਹਿ ਗਏ।
ਕੱਢ ਕੇ ਭਰਮ 'ਚੋਂ ਧਰਮ ਦਾ ਰਾਹ ਦੱਸੇ, ਨਜ਼ਰੇ ਧਰਮੀ ਨਾ ਕੋਈ ਆ ਰਿਹਾ ਏ।
ਗੁਰੂ ਨਾਨਕ ਦੇਵ ਗੁਰੂ ਹੈ ਸਾਰਿਆਂ ਦਾ, ਸ਼ਰਨ ਆਇਆਂ ਨੂੰ ਚਰਨੀ ਲਾ ਰਿਹਾ ਏ।

ਉਸ ਖੇਤ ਦੀ ਰਾਖੀ ਕਰੇ ਕਿਹੜਾ, ਜਿਹੜੇ ਖੇਤ ਨੂੰ ਵਾੜ ਹੀ ਖਾਣ ਲੱਗੇ।
ਧਰਮ ਰਾਜੇ ਦਾ, ਪਰਜਾ ਦੀ ਕਰੇ ਸੇਵਾ, ਰਾਜੇ ਪਰਜਾ ਤੇ ਜ਼ੁਲਮ ਕਮਾਣ ਲੱਗੇ।
ਰਹੀ ਜ਼ੁਲਮ ਦੀ ਚੱਕੀ ਵਿੱਚ ਪੀਸ ਜਨਤਾ, ਦਾਣਾ 'ਕਿੱਲੀ' ਨਾਲ ਨਜ਼ਰ ਨਾ ਆ ਰਿਹਾ ਏ।
ਗੁਰੂ ਨਾਨਕ ਦੇਵ ਗੁਰੂ ਹੈ ਸਾਰਿਆਂ ਦਾ,---------------।

ਜਦੋਂ ਚੱਲਿਆ ਨਾ ਕੋਈ ਹੋਰ ਚਾਰਾ, ਸਭ ਨੇ ਰੱਬ ਦੇ ਅੱਗੇ ਪੁਕਾਰ ਕੀਤੀ।
ਨਿਆਂ ਰਾਜ ਦਰਬਾਰ ਵਿੱਚ ਬੰਦ ਹੋਇਆ, ਜੋਦੜੀ ਰੱਬ ਦੇ ਸੱਚੇ ਦਰਬਾਰ ਕੀਤੀ।
ਦੁਖੀ ਦਿਲਾਂ ਦੀ ਸੁਣੀ ਪੁਕਾਰ ਦਾਤੇ, ਗੁਰੂ ਰੂਪ ਬਣਕੇ ਰੱਬ ਆ ਰਿਹਾ ਏ।
ਗੁਰੂ ਨਾਨਕ ਦੇਵ ਗੁਰੂ ਹੈ ਸਾਰਿਆਂ ਦਾ,----------------।

ਅਰਸ਼-ਫਰਸ਼ ਮਹਿਕੇ, ਕਰਕੇ ਦਰਸ਼ ਮਹਿਕੇ, ਮਹਿਕ ਮੰਗੀ ਏ ਫੁਲਾਂ ਸਾਰਿਆਂ ਨੇ।
ਭੌਰੇ ਹੋਏ ਬਉਰੇ, ਫਿਰਦੇ ਡਉਰ ਭਉਰੇ, ਚਾਨਣਾ ਮੰਗਿਆ, ਚੰਨ ਤੇ ਤਾਰਿਆਂ ਨੇ।
ਮਹਿਤਾ ਕਾਲੂ ਦੇ ਘਰ ਹੈ ਚੰਦ ਚੜ੍ਹਿਆ , ਗੀਤ ਹਰ ਕੋਈ ਖੁਸ਼ੀ ਦੇ ਗਾ ਰਿਹਾ ਏ।
ਗੁਰੂ ਨਾਨਕ ਦੇਵ ਗੁਰੂ ਹੈ ਸਾਰਿਆਂ ਦਾ,---------------।

ਪਹਿਲਾਂ ੧ (ਇੱਕ) ਤਾਂ ੧ ਹੈ ਰੱਬ ਸੱਚਾ, ਪਹਿਲਾਂ ੳ (ਊੜਾ) ਤਾਂ ੳ ਅੰਕਾਰ ਹੈ ਜੀ।
ਇਹ ਪੜ੍ਹਨ ਨਹੀਂ, ਮੈਨੂੰ ਪੜ੍ਹਾਉਣ ਆਇਐ, ਪਾਂਧਾ ਕਰਦਾ ਪਿਆ ਸੋਚ ਵੀਚਾਰ ਹੈ ਜੀ।
ਕੌਣ ਸ਼ਾਗਿਰਦ ?ਤੇ ਕੌਣ ਉਸਤਾਦ ਹੈ ਜੀ ? ਪਾਂਧਾ ਪੜ੍ਹ ਰਿਹਾ ਏ, ਨਾਲੇ ਪੜ੍ਹਾ ਰਿਹਾ ਏ।
ਗੁਰੂ ਨਾਨਕ ਦੇਵ ਗੁਰੂ ਹੈ ਸਾਰਿਆਂ ਦਾ,--------------।

ਵਾਗੀ ਬਣੇ ਤਾਂ ਵੱਗ ਅਜ਼ਾਦ ਹੋਇਆ, ਜਿਸਦਾ ਜੋ ਜੀਅ ਕਰੇ ਸੋ ਖਾਈ ਜਾਵੇ।
ਲੱਗੀ ਲਿਵ ਤੇ ਮੁੱਖ ਤੇ ਧੁੱਪ ਆਈ, ਸੱਪ ਛਾਂ ਕਰਕੇ ਸੇਵਾ ਕਮਾਈ ਜਾਵੇ।
ਸਮਝਣ ਵਾਲਾ ਜੋ ਰਾਇ-ਬੁਲਾਰ ਸਮਝੇ, ਸਦਕੇ ਗੁਰਾਂ ਦੇ ਚਰਨਾਂ ਤੋਂ ਜਾ ਰਿਹਾ ਏ।
ਗੁਰੂ ਨਾਨਕ ਦੇਵ ਗੁਰੂ ਹੈ ਸਾਰਿਆਂ ਦਾ,----------------।

ਕਾਰੋਬਾਰ, ਵਪਾਰ ਸਭ ਕਰੇ ਦੁਨੀਆਂ, ਕਰਨ ਗੁਰੂ ਜੀ ਅਜ਼ਬ ਵਪਾਰ ਚੱਲੇ।
ਭੋਜਨ ਛਕਾ ਕੇ ਰੱਬ ਦੇ ਪਿਆਰਿਆਂ ਨੂੰ, ਵਾਪਸ ਘਰ ਨੂੰ ਬਣਕੇ ਸੇਵਾਦਾਰ ਚੱਲੇ।
ਚਲਣਾ ਸੱਚ ਦੇ ਰਾਹ ਤੇ ਬੜਾ ਔਖਾ, ਰੂਪ ਰੱਬ ਦਾ ਝਿੜਕਾਂ ਖਾ ਰਿਹਾ ਏ।
ਗੁਰੂ ਨਾਨਕ ਦੇਵ ਗੁਰੂ ਹੈ ਸਾਰਿਆਂ ਦਾ,----------------।



www.AKJ.Org

ਠੱਗ ਠੱਗੀਆਂ ਮਾਰਦਾ ਰਿਹਾ ਸੀ ਜੋ, ਅੰਦਰੋਂ ਹੋਰ ਅਤੇ ਬਾਹਰੋਂ ਸੀ ਹੋਰ ਬਣਿਆ।
ਗੁਰਾਂ ਸੋਧ ਕੇ ਸਾਧ ਬਣਾ ਦਿੱਤਾ, ਜੋ ਸੀ ਵੱਡਾ ਇਲਾਕੇ ਦਾ ਚੋਰ ਬਣਿਆ।
ਬੁਰੇ ਕਰਮ ਦਾ ਮਿਟਿਆ ਦਾਗ਼ ਨਹੀਂ ਏ, ਸੱਜਣ-ਠੱਗ ਹੀ ਅਜੇ ਅਖਵਾ ਰਿਹਾ ਏ।
ਗੁਰੂ ਨਾਨਕ ਦੇਵ ਗੁਰੂ ਹੈ ਸਾਰਿਆਂ ਦਾ,-----------।

ਕੌਡੇ ਰਾਖ਼ਸ਼ ਨੂੰ ਗ਼ੁਰਾਂ ਨੇ ਤਾਰਿਆ ਏ, ਅਤੇ ਭੂਮੀਏ ਵਰਗੇ ਕਈ ਚੋਰ ਤਾਰੇ।
ਤਾਰਿਆ ਯੋਗੀਆਂ ਨੂੰ, ਹਉਮੈ ਰੋਗੀਆਂ ਨੂੰ, ਮਲਕ ਭਾਗੋ ਜਿਹੇ ਪਾਧੀ ਕਈ ਹੋਰ ਤਾਰੇ।
ਲੰਮੇ ਪੈਂਡੇ ਦਾ ਇਹ ਅਣਥੱਕ ਰਾਹੀ, ਬਿਖੜੇ ਰਾਹਾਂ ਤੋਂ ਲੰਘਦਾ ਜਾ ਰਿਹਾ ਏ।
ਗੁਰੂ ਨਾਨਕ ਦੇਵ ਗੁਰੂ ਹੈ ਸਾਰਿਆਂ ਦਾ,-----------।

ਤਾਰੇ ਆਕਾਸ਼ ਲੱਖਾਂ, ਤਾਰੇ ਪਤਾਲ ਲੱਖਾਂ, ਧਰਤੀ ਦੇ ਹੀ ਨਹੀਂ ਨੌ ਖੰਡ ਤਾਰੇ।
ਪੱਥਰ, ਪਸ਼ੂ, ਪੰਛੀ, ਰੁੱਖ, ਮਨੁੱਖ ਤਾਰੇ, ਗੁਰੂ ਨਾਨਕ ਨੇ ਖੰਡ, ਬ੍ਰਹਿਮੰਡ ਤਾਰੇ।
ਜੋ ਵੀ ਸ਼ਰਨ ਆਇਆ, ਉਸ ਨੂੰ ਤਾਰ ਦਿੱਤਾ, ਸੱਚੇ ਨਾਮ ਦਾ ਵਣਜ ਕਰਾ ਰਿਹਾ ਏ।
ਗੁਰੂ ਨਾਨਕ ਦੇਵ ਗੁਰੂ ਹੈ ਸਾਰਿਆਂ ਦਾ,------------।

ਗੁਰੂ ਨਾਨਕ ਦੀ ਮਹਿਮਾ ਬੇਅੰਤ ਹੈ ਜੀ, ਝਾਤੀ ਆਪਣੇ ਮਨਾਂ ਵੱਲ ਮਾਰ ਲਈਏ।
ਸਤਿਗੁਰਾਂ ਨੇ ਜੋ ਉਪਦੇਸ਼ ਦਿੱਤੇ, ਆਪਣੇ ਭਲੇ ਦੇ ਲਈ ਵੀਚਾਰ ਲਈਏ।
ਪਹਿਲਾਂ-ਕਿਰਤ ਕਰਨੀ, ਦੂਜਾ-ਨਾਮ ਜਪਣਾ, ਤੀਜਾ-ਸਿੱਖ ਜੋ ਵੰਡ ਕੇ ਖਾ ਰਿਹਾ ਏ।
ਗੁਰੂ ਨਾਨਕ ਦੇਵ ਗੁਰੂ ਹੈ ਸਾਰਿਆਂ ਦਾ,--------------।

ਹੁਕਮ ਗੁਰਾਂ ਦਾ ਹਉਮੈ ਨੂੰ ਛੱਡ ਕੇ ਤੇ, ਸੱਚੇ ਪੰਥ ਦੇ ਸੇਵਾਦਾਰ ਬਣੀਏ।
ਹੁਕਮ ਮੰਨ ਕੇ ਕਰੀਏ ਜਨਮ ਸਫਲਾ, ਸਿੱਖ ਗੁਰੂ ਦੇ ਆਗਿਆਕਾਰ ਬਣੀਏ।
ਜਿਸਦੇ ਚਿੱਤ ਵਿੱਚ ਚੌਧਰ ਦੀ ਭੁੱਖ ਹੈ ਜੀ, ਉਹ ਪੰਥ ਨਾਲ ਦਗ਼ਾ ਕਮਾ ਰਿਹਾ ਏ।
ਗੁਰੂ ਨਾਨਕ ਦੇਵ ਗੁਰੂ ਹੈ ਸਾਰਿਆਂ ਦਾ,-------------।

ਮਰਦਾਨਾ ਰਿਹਾ ਏ ਗੁਰਾਂ ਦੇ ਨਾਲ ਬਹੁਤਾ, ਉਸਦੀ ਜਾਤ 'ਮਿਰਾਸੀ' ਵੀ ਕੁਝ ਦੱਸਦੀ ਏ।
ਜਾਤ-ਪਾਤ 'ਚੋਂ ਗੁਰਾਂ ਨੇ ਕੱਢਿਆ ਸੀ, ਇਹ ਸਿਖਿਆ, ਸਾਡੇ ਨਾ ਮਨਾਂ 'ਚ ਵੱਸਦੀ ਏ।
ਸੀਸ ਤਲੀ ਤੇ ਰੱਖ ਕੇ ਪਊ ਆਉਣਾ, ਅੰਮ੍ਰਿਤ -ਬਾਟਾ ਇਹ ਭੇਦ ਮਿਟਾ ਰਿਹਾ ਏ।
ਗੁਰੂ ਨਾਨਕ ਦੇਵ ਗੁਰੂ ਹੈ ਸਾਰਿਆਂ ਦਾ,-----------।

ਗੁਰੂ ਨਾਨਕ ਦੇਵ ਧਾਰਨ ਕੀਤੇ ਦਸ ਜਾਮੇ, ਗੁਰੂ ਗ੍ਰੰਥ ਸਾਹਿਬ ਵਿੱਚ ਹੁਣ ਜੋਤ ਹੈ ਜੀ।
ਸਤਿਗੁਰਾਂ ਦਾ ਕਿਸੇ ਨਹੀਂ ਅੰਤ ਪਾਇਆ, ਨਾ ਕੋਈ ਜਾਤ ਹੈ, ਨਾ ਕੋਈ ਗੋਤ ਹੈ ਜੀ।
ਪੰਜਾਂ ਪਿਆਰਿਆਂ ਦੇ ਰੂਪ ਵਿੱਚ ਗੁਰੂ ਨਾਨਕ, ਖੰਡੇ ਬਾਟੇ ਦਾ ਅੰਮ੍ਰਿਤ ਛਕਾ ਰਿਹਾ ਏ।
ਗੁਰੂ ਨਾਨਕ ਦੇਵ ਗੁਰੂ ਹੈ ਸਾਰਿਆਂ ਦਾ,--------------।

ਆਓ ! ਖੰਡੇ ਦਾ ਅੰਮ੍ਰਿਤ ਪਾਨ ਕਰੀਏ, ਜੇਕਰ ਗੁਰੂ ਦੇ ਨਾਲ ਹੈ ਪਿਆਰ ਸਾਡਾ।
ਅੰਮ੍ਰਿਤ ਛਕਾਂਗੇ, ਬਣਾਂਗੇ ਗੁਰੂ ਵਾਲੇ, ਗ਼ੁਰੂ ਬਿਨਾਂ ਨਹੀ ਹੋਣਾ ਉਧਾਰ ਸਾਡਾ।
'ਸੁਖਦੇਵ ਸਿੰਘਾ' ਜੋ ਗੁਰੂ ਵਾਲਾ ਨਹੀਂ ਬਣਿਆ , ਐਵੇਂ ਬਿਰਥਾ ਹੀ ਜਨਮ ਗੁਆ ਰਿਹਾ ਏ।
ਗੁਰੂ ਨਾਨਕ ਦੇਵ ਗੁਰੂ ਹੈ ਸਾਰਿਆਂ ਦਾ,----------।

ਚੋਰਾਂ, ਠੱਗਾਂ, ਸਿੱਧਾਂ ਅਤੇ ਯੋਗੀਆਂ ਦੇ, ਭਰਮ ਕੱਟ ਕੇ ਧਰਮ ਦ੍ਰਿੜਾ ਰਿਹਾ ਏ।
ਗੁਰੂ ਨਾਨਕ ਦੇਵ ਗੁਰੂ ਹੈ ਸਾਰਿਆਂ ਦਾ, ਸ਼ਰਨ ਆਇਆ ਨੂੰ ਚਰਨੀਂ ਲਾ ਰਿਹਾ ਏ।



www.AKJ.Org

# ਜਗਤ ਜਲੰਦੇ ਦੀ ਸੁਣ ਲੈ ਪੁਕਾਰ ਬਾਬਾ

(ਸੂ: ਸੁਰਜੀਤ ਸਿੰਘ 'ਸਾਜਨ') 629 E ਭਾਈ ਰਣਧੀਰ ਸਿੰਘ ਨਗਰ ਲੁਧਿਆਣਾ)

1. ਝੂਠ ਫਰੇਬ ਦਾ ਮੁੜ ਕੇ ਬੋਲਬਾਲਾ, ਹੋ ਰਹੇ ਨੇ ਧਰਤੀ ਉਤੇ ਵਿਭਚਾਰ ਬਾਬਾ।
ਜਿਧਰ ਜੀ ਕਰਦਾ ਆਵੇ ਜਾਵੇ ਬੇਸ਼ਕ, ਔਰਤ ਮਰਦ ਦਾ ਹੈ ਐਸਾ ਕਿਰਦਾਰ ਬਾਬਾ।
ਜਿਸ ਦੀ ਜੀ ਕਰਦੇ ਸੰਘੀ ਮਰੋੜ ਦਿੰਦੇ ਥਾਂ ਥਾਂ ਰੁਲਦੇ ਪਏ ਨੇ ਮੁਰਦਾਰ ਬਾਬਾ।
ਨਰਕ ਰੂਪ ਹੋਇਆ ਭਾਰਤ ਵਰਸ਼ ਤੇਰਾ, ਚਾਰੇ ਪਾਸੇ ਮੱਚੀ ਹਾਹਾਕਾਰ ਬਾਬਾ।
ਪੱਤ ਲੱਥ ਗਈ ਫਿਰ ਵੀ ਜੀਂਵਦੇ ਨੇ ਐਸਾ ਜੀਣਾ ਤੂੰ ਕਿਹਾ ਹੈ ਧਿਰਕਾਰ ਬਾਬਾ।
ਆਪੇ ਵੇਖ ਆ ਕੇ, ਮੈਂ ਕਿਵੇ ਆਖਾਂ, ਜਗਤ ਜਲੰਦੇ ਦੀ ਸੁਣ ਲੈ ਪੁਕਾਰ ਬਾਬਾ।

2. ਭੇਖਧਾਰੀ ਇਹ ਜੋ ਅੱਖਾਂ ਮੀਟਦੇ ਹਨ, ਹੈ ਨਹੀ ਧਰਮ ਦੇ ਨਾਲ ਪਿਆਰ ਬਾਪੂ।
ਬਗਲ ਛੁਰੀ ਮੂੰਹੋ ਰਾਮ ਰਾਮ ਆਖਣ ਦਾਅ ਲਾਉਂਦੇ ਤੇ ਮਾਰਦੇ ਨੇ ਮਾਰ ਬਾਪੂ।
ਧੰਨ ਦੋਲਤ ਦਾ ਇਹਨਾਂ ਨੂੰ ਲੋਭ ਵਾਧੂ ਛੱਡ ਬੈਠੇ ਨੇ ਆਪਣਾ ਆਚਾਰ ਬਾਪੂ।
ਇਹ ਜੋ ਕਰਦੇ ਨੇ,ਵੇਖਿਆ ਨਹੀਂ ਜਾਂਦਾ, ਕਿ ਅੱਖਾ ਹੋ ਜਾਵਣ ਸ਼ਰਮ ਸਾਰ ਬਾਪੂ।
ਰੱਤ ਪੀਣ ਇਹ ਮਾਣਸ ਦਾ ਖਾਣ ਗੋਸ਼ਤ, ਵਸਤੂਆਂ ਨਸ਼ੇ ਦੀਆ ਬਣੀਆਂ ਆਧਾਰ ਬਾਬਾ।
ਅੱਗ ਮੱਚ ਰਹੀ ਏ ਲਾਟਾਂ ਸਾੜੀ ਜਾਵਣ, ਆ ਕੇ ਜਗਤ ਜਲੰਦੇ ਨੂੰ ਠਾਰ ਬਾਬਾ।

3. ਤੇਰੇ ਸਿੱਖ ਤੇਰੀ ਬਾਣੀ ਨੂੰ ਭੁੱਲ ਬੈਠੇ ਗੀਤ ਹੁਸਨ ਤੇ ਇਸ਼ਕ ਦੇ ਗਾਈ ਜਾਵਣ।
ਸੋਹਣੇ ਬਣਨ ਲਈ ਸ਼ਕਲਾਂ ਵਿਗਾੜ ਲਈਆਂ ਕਿ ਸਿੱਖੀ ਰੂਪ ਦੀਆਂ ਧੱਜੀਆਂ ਉਡਾਈ· ਜਾਵਣ।
ਨਾਮ ਅੰਮ੍ਰਿਤ ਦੀ ਇਹਨਾਂ ਨੂੰ ਲੋੜ ਹੈ ਨਹੀਂ, ਜ਼ਹਿਰ ਦੁਨੀਆਂ ਦਾ ਮੂੰਹਾਂ ਵਿਚ ਪਾਈ ਜਾਵਣ।
ਡਰ ਭਉ ਨਹੀਂ ਉਹਨਾਂ ਨੂੰ ਰੱਬ ਸੰਦਾ, ਸਗੋਂ ਮਨੁੱਖਤਾ ਦੇ ਤਾਂਈਂ ਡਰਾਈ ਜਾਵਣ।
ਇੰਦਰੀ ਰਸਾਂ ਨੇ ਇਹਨਾਂ ਦੀ ਮੱਤ ਮਾਰੀ ਗੀਦੀ ਬਣ ਗਏ ਨੇ ਸਾਹ ਸ਼ਵਾਰ ਬਾਬਾ।
ਤੇਰੀ ਰਹਿਨਮਾਈ ਦੀ ਮੁੜ ਕੇ ਲੋੜ ਜਾਪੇ, ਜਗਤ ਜਲੰਦੇ ਦੀ ਸੁਣ ਲੈ ਪੁਕਾਰ ਬਾਬਾ।

4. ਔਰਤ ਜਿਸ ਦਾ ਤੂੰ ਰੁਤਬਾ ਬੁਲੰਦ ਕੀਤਾ ਉਹ ਵੀ ਵੇਖ ਵਿਕਾਰਾਂ ਵਿਚ ਫੱਸ ਗਈ ਏ।
ਜੱਤ ਸਤ ਪਤ ਉਸ ਨੂੰ ਭੁੱਲ ਗਏ ਨੇ ਉਫ ਕੈਸੇ ਵਿਭਚਾਰਾਂ ਵਿਚ ਧੱਸ ਗਈ ਏ।
ਭੁੱਲ ਗਈ ਉਸ ਨੂੰ ਪਵਿੱਤਰਤਾ ਰਿਸ਼ਤਿਆਂ ਦੀ ਸੰਗ ਸ਼ਰਮ ਉਸ ਤੋਂ ਦੂਰ ਨੱਸ ਗਈ ਏ।
ਐਸਾ ਉਸ ਨੇ ਸਮਾਜ ਵਿਚ ਗੰਦ ਪਾਇਆ ਦੰਗ ਹੋਈ ਮਨੁੱਖਤਾ ਹੋ ਭੱਸ ਗਈ ਏ।
ਮੇਰੀਆਂ ਅੱਖਾਂ ਵਿਚ ਅੱਥਰੂ ਉਮਡ ਆਏ ਕਲਮ ਹੋ ਗਈ ਏ ਮੇਰੀ ਬੇਜ਼ਾਰ ਬਾਬਾ।
ਐਸਾ ਕਰ ਕੁਝ ਇਹਨਾਂ ਨੂੰ ਸਮਝ ਆਵੇ ਸੱਚਾ ਸੁੱਚਾ ਬਣ ਜਾਏ ਕਿਰਦਾਰ ਬਾਬਾ।

5. ਉਲਟੇ ਗੇੜ ਕੁਝ ਖਿਤੀਆਂ ਘੁੰਮੀਆਂ ਨੇ ਤੱਕ ਲੈ ਵਾੜ ਹੀ ਖੇਤ ਨੂੰ ਖਾਈ ਜਾਵੇ।
ਗਰੀਬ ਗੁਰਬਤ ਦੀ ਚੱਕੀ 'ਚ ਪਿਸ ਰਿਹਾ ਅਮੀਰ ਬੋਲਾ ਅੰਨ੍ਹਾਂ ਉਸ ਨੂੰ ਢਾਈ ਜਾਵੇ।
ਟਿੱਡੀ ਦਲ ਵਿਕਾਰਾਂ ਦਾ ਘੁੰਮ ਰਿਹਾ ਹੈ ਜਿਧਰ ਜਾਂਵਦਾ ਹੈ ਕਰਦਾ ਸਫਾਈ ਜਾਵੇ।
ਬੇਕਸੂਰ ਫਾਹੇ ਟੰਗੇ ਜਾ ਰਹੇ ਨੇ ਮੁਨਸਫ ਇਨਸਾਫ ਦੀ ਹੱਦ ਮੁਕਾਈ ਜਾਵੇ।
ਇਹਨਾਂ ਤੈਨੂੰ ਵੀ ਹੁਣ ਪਛਾਣਨਾ ਨਹੀਂ ਆ ਕੇ ਵੇਖ ਲੈ ਰੂਪ ਕੋਈ ਧਾਰ ਬਾਬਾ।
ਵਹਿਣ ਵਹਿਆ ਜੋ ਨਹੀਂ ਹੈ ਰੁਕਣ ਵਾਲਾ, ਜਗਤ ਜਲੰਦੇ ਦੀ ਸੁਣ ਲੈ ਪੁਕਾਰ ਬਾਬਾ।



www.AKJ.Org

6. ਭਾਈ ਲਾਲੋ ਜਿਹਾ ਕਿਰਤੀ ਕਿਸਾਨ ਕੋਈ ਕੋਈ ਮਲਕ ਭਾਗੋਆਂ ਦੀਆਂ ਡਾਰਾਂ ਫਿਰਦੀਆਂ ਨੇ।
ਸਕਤਾ ਸ਼ੀਂਹ ਲਲਕਾਰੇ ਪਿਆ ਮਾਰਦਾ ਹੈ, ਗਊਆਂ ਨਿਮਾਣੀਆਂ ਦੀਆਂ ਜਿੰਦਾਂ ਘਿਰਦੀਆਂ ਨੇ।
ਜਬਰ ਜ਼ੁਲਮ ਦਾ ਨਹੀਂ ਪਾਰਾਵਾਰ ਕੋਈ ਹਰ ਰੋਜ਼ ਕਈ ਨਾਰਾਂ ਸਤ ਹਾਰਦੀਆਂ ਨੇ।
ਸੱਚ ਉਡ ਗਿਆ ਮੁੜ ਕੇ ਖੰਭ ਲਾ ਕੇ ਬੇਈਮਾਨੀ ਰਿਸ਼ਵਤ ਖੋਰੀ ਰਾਜ਼ ਕਰਦੀਆਂ ਨੇ।
"ਸਾਜਨ" ਮੁੜ ਕੇ ਹੱਥ ਉਤਾਂਹ ਕਰਕੇ "ਤੈਂ ਕੀ ਦਰਦ ਨਾ ਆਇਆ", ਉਚਾਰ ਬਾਬਾ।
ਤੇਰੇ ਬਿਨਾਂ ਨਹੀਂ ਕਿਸੇ ਵੀ ਸਾਰ ਲੈਣੀ ਜਗਤ ਜਲੰਦੇ ਦੀ ਸੁਣ ਲੈ ਪੁਕਾਰ ਬਾਬਾ।

## "ਐ ਦਿਲਾ ! ਹੁਣ ਮੋੜ ਲੈ ਵਾਗਾਂ"

(ਪਾਂਧੀ ਨਨਕਾਣਵੀ)

ਐ ਦਿਲਾ ! ਹੁਣ ਮੋੜ ਲੈ ਵਾਗਾਂ, ਚਲ ਚਲੀਏ ਫਿਰ 'ਨਨਕਾਣੇ' ਨੂੰ।
ਸਤਿਗੁਰ ਨਾਨਕ ਦੇ ਦਰ ਤੇ, ਮਨ ਲੋਚੇ ਸੀਸ ਝੁਕਾਣੇ ਨੂੰ।
ਜਿਉਂ ਦਾ ਸਤਿਗੁਰ ਦਾ ਦਰ ਛਡਿਐ, ਚੈਨ ਨਾ ਕਿਧਰੇ ਮਿਲਿਆ ਏ।
ਜਿਸਮ ਸੀ ਕਿਧਰੇ, ਰੂਹ ਸੀ ਕਿਧਰੇ, ਇਉਂ ਜੀਵਨ-ਬੇੜਾ ਮਿਲਿਆ ਏ।

ਰੂਹ ਮੇਰੀ ਹੁਣ ਭੁੱਖਣ-ਭਾਣੀ, ਅੱਖਾਂ ਪਿਆਸੀਆਂ ਦਰਸ ਦੀਆਂ।
'ਜਨਮ-ਅਸਥਾਨ' ਦੀ ਧੂੜੀ ਨੂੰ, ਚੁੰਮਣ ਲਈ ਬੁਲ੍ਹੀਆਂ ਤਰਸਦੀਆਂ।
ਜਿਸ ਧਰਤੀ ਤੇ ਰੱਬ ਖੁਦ ਆ ਕੇ, ਉਜੱੜੇ ਖੇਤ ਹਰਿਆਲੇ ਨੇ।
'ਤਲਵੰਡੀ' ਦੇ ਜਿੰਨ ਜ਼ੱਰੇ ਚੁੰਮੇ, ਉਹਨੂੰ ਲਭੇ ਨਾਮ-ਪਿਆਲੇ ਨੇ।

ਸੱਪ ਵੀ ਜਿਥੇ ਨਾਨਕ ਦੇ ਸਿਰ, ਫੰਨ ਫੈਲਾਅ ਖੁਦ ਠਰਿਆ ਸੀ।
'ਮਾਲ ਜੀ ਸਾਹਿਬ ਦੀ ਧੂੜੀ ਨੂੰ, ਤਨ ਮਨ ਸਭ ਕੀਤਾ ਹਰਿਆ ਸੀ।
ਮੈਂ ਹੁਣ ਉਸ ਸਰਘੀ ਨੂੰ ਤਰਸਾਂ, ਜਿੰਨੂ ਨਿੱਤ 'ਤਲਵੰਡੀ' ਤਕਦੀ ਹੈ।
ਕੈਸੀਆਂ ਸ਼ਾਮਾਂ ਪੈਂਦੀਆਂ ਹੋਸਨ, ਰਹੂ ਮੇਰੀ ਪਈ ਕਲਪਦੀ ਹੈ।

ਤਰਸਾਂ ਮੈਂ ਮਸਤ ਬਹਾਰਾਂ ਨੂੰ, ਤੇ ਪੌਣਾਂ ਮਹਿਕਾਂ-ਭਰੀਆਂ ਨੂੰ।
ਕੋਇਲਾ ਦੀਆਂ ਮਿੱਠੀਆਂ ਕੂਕਾਂ ਤੋਂ, ਵਾਰਾਂ ਮੈਂ ਦੌਲਤ ਜ਼ਰੀਆ ਨੂੰ।
ਤਰਸਾਂ ਮੈਂ ਫੁਲਾਂ ਕਲੀਆਂ ਨੂੰ, 'ਤਲਵੰਡੀ' ਵਿਚ ਜੋ ਖਿੜਦੇ ਨੇ।
ਹੈ ਨਾਮ ਦੀ ਰੰਗਣ ਵਿਚ ਜਿੱਥੇ ਟਿੰਡ ਵਾਲੇ ਖੂਹ ਪਏ ਗਿੜਦੇ ਨੇ।

ਘੁੱਲੇ ਜੋ ਵਿਚ ਹਵਾਵਾਂ ਨੇ, ਤਰਸਾਂ ਮੈਂ ਨਾਨਕ-ਬੋਲਾਂ ਨੂੰ,
ਤ੍ਰਿਪਤਾ ਦੇ ਦਿਲ ਦੀਆਂ ਸੱਧਰਾਂ ਨੂੰ, ਤੇ ਭੈਣ ਦੇ ਪਿਆਰ- ਕਲੋਲਾਂ ਨੂੰ।
ਰਾਏ' ਦੇ ਥੇਹ ਦੀ ਮਿੱਟੀ ਵੀ,'ਬਾਲੇ' ਦੇ ਖੂਹ ਦਾ ਪਾਣੀ ਵੀ।
ਹੈ 'ਨਾਨਕ' 'ਨਾਨਕ' ਕੂਕ ਰਹੀ, ਚਾਟੀ ਵਿੱਚ ਪਈ ਮਧਾਣੀ ਵੀ।

ਉਹ ਜੰਗਲੁ ਬੇਲੇ ਧੂਹ ਪਾਉਂਦੇ, ਧੂਹ ਪਾਉਂਦੀਆਂ ਮਸਤ ਹਵਾਵਾਂ ਨੇ।
ਨਾਨਕ ਦੀ ਮੂਰਤ ਸਾਂਭੀ ਜਿੰਨ, ਮਾਵਾਂ ਜਿਹੀਆਂ ਠੰਡੀਆਂ ਛਾਵਾਂ ਨੇ।
'ਲਛਮਣ ਸਿੰਘ' ਜਿਹੇ ਅਣਖੀ ਸਿੰਘਾਂ ਦੇ, ਉਥੇ ਦੀਦਾਰ ਹੋਵਣਗੇ।
ਜਾਂ 'ਜੰਡ' ਨੂੰ ਜਫ਼ੀ ਪਾਵਾਂਗਾ, ਹੰਝੂ ਫਿਰ ਹਾਰ ਪਰੋਵਣਗੇ।

ਅਖ ਨੈਣਾਂ ਸੂਰਤ ਨਾਨਕ ਦੀ, ਸੜਿਆ ਜਿਸ ਬਾਉਂ 'ਦਲੀਪ' ਮਿਰਾ।
ਲਾਸਾਂ ਉਹ ਮੱਥੇ ਖ਼ਾਕ ਜ਼ਗ, ਜਾਗੇ ਜੇ ਕਿਤੇ ਨਸੀਬ ਮਿਰਾ।
ਨਾ ਬੇੜੀ ਹੈ, ਨਾ ਮਾਝੀ ਹੈ,ਘਿਰਿਆ ਹਾਂ ਵਿਚ ਤੂਫਾਨਾ ਦੇ।
"ਪਾਂਧੀ" ਕਿੰਜ ਪਹੁੰਚੂ ਮੰਜ਼ਿਲ ਤੇ,ਵਸ ਪਿਆ ਜੋ ਬਦ-ਇਨਸਾਨਾਂ ਦੇ।


www.AKJ.Org

# THOSE ENAMORED OF GOD-LOVE

The Gurbani in Sri Guru Granth Sahib has drawn vivid picture of God-love. The intensity of longing for God grows with the purity of mind, by removing the dross of worldliness. Once it dawns, that a being is a separated part of the Whole, Divine Source, then the yearning to unite is great like the tumultuous river water rushing towards the ocean. All the obstacles to the flow are overcome or circumvented. Such is the fury of eager flow in its journey. The ocean is equally restless and its waves continuously extend arms to welcome the merging waters.

Those enamored of God-love are lost to the world around. They give their separte identity to attain Oneness with Beloved and remain possessed with the ecstatic Love. Nothing can diminish the pangs of their "sweet" sufferings. No treatment is of any avail except the soothing balm of God-Realization.

**GETTING INDUCTED:**

ਗੋਂਡ ਮਹਲਾ ੪ ॥ (੮੬੧)
ਹਰਿ ਦਰਸਨ ਕਉ ਮੇਰਾ ਮਨੁ ਬਹੁ ਤਪਤੈ
ਜਿਉ ਤ੍ਰਿਖਾਵੰਤੁ ਬਿਨੁ ਨੀਰ ॥੧॥
ਮੇਰੈ ਮਨਿ ਪ੍ਰੇਮੁ ਲਗੋ ਹਰਿ ਤੀਰ ॥
ਹਮਰੀ ਬੇਦਨ ਹਰਿ ਪ੍ਰਭੁ ਜਾਨੈ
ਮੇਰੇ ਮਨ ਅੰਤਰ ਕੀ ਪੀਰ ॥੧॥ ਰਹਾਉ ॥--

Fourth Nanak, Guru Ram Dass Ji says:

My mind is restless to meet God, like a thirsty person dying for a drink of water. - 1

Pierced with the arrow of Love, my mind suffers the pangs. Only the Lord knows the intensity of pain of my inner self. - 1 (Pause)................

**STATE OF ENAMORED LOVE:**

ਮਾਰੂ ਮਹਲਾ ੧ ॥ (੯੯੧)
ਕੋਈ ਆਖੈ ਭੂਤਨਾ ਕੋ ਕਹੈ ਬੇਤਾਲਾ ॥
ਕੋਈ ਆਖੈ ਆਦਮੀ ਨਾਨਕੁ ਵੇਚਾਰਾ ॥੧॥
ਭਇਆ ਦਿਵਾਨਾ ਸਾਹ ਕਾ ਨਾਨਕੁ ਬਉਰਾਨਾ ॥
ਹਉ ਹਰਿ ਬਿਨੁ ਅਵਰ ਨ ਜਾਨਾ ॥੧॥ ਰਹਾਉ ॥

Guru Nanak in Maru Raaga says:

Some one says, "Nanak is a fiend", another says, "He is a demon", yet someone says, "Nanak is a poor desolate person". - 1

I, Nanak, am a possessed lover of the Lord and recognize not, any other worldly being. - 1. (Pause)............

ੴ ਸਤਿਗੁਰ ਪ੍ਰਸਾਦਿ ॥
ਸਲੋਕ ਭਗਤ ਕਬੀਰ ਜੀਉ ਕੇ ॥(੧੩੬੮)
ਕਬੀਰ ਬਿਰਹੁ ਭੁਯੰਗਮੁ ਮਨਿ ਬਸੈ
ਮੰਤੁ ਨ ਮਾਨੈ ਕੋਇ ॥
ਰਾਮ ਬਿਓਗੀ ਨਾ ਜੀਐ
ਜੀਐ ਤ ਬਉਰਾ ਹੋਇ ॥੭੬॥

Says Bhagat Kabir Ji, that the snake of God-yearning has possessed my mind and no charm is effective aganist its "venom". Thus the one enamored of Divine-Love is sure to die (of selfhood and separate identity) or appears to be a lunatic (not belonging to all world) to the people around, who are devoid of such feelings. (ਬਾਕੀ ਪੰਨਾ ੩੮ ਤੇ..)



www.AKJ.Org

# ਗੁਰਮਤਿ ਅਧਿਆਤਮਕ ਕਰਮ ਫ਼ਿਲਾਸਫ਼ੀ

(ਗੁਰਪੁਰਵਾਸੀ ਭਾ: ਸ: ਭਾ: ਰਣਧੀਰ ਸਿੰਘ ਜੀ)

(ਲੜੀ ਜੋੜਨ ਲਈ ਦੇਖੋ ਸੂਰਾ ਅਕਤੂਬਰ ੯੭)

**੭-ਫਜ਼ਲ ਰਹਿਮਤਿ ਦੇ ਭਾਵ ਅਰਥਾਂ ਵਿਚਿ ਕਰਮੁ**

ਸਚੇ ਵਾਹਿਗੁਰੂ ਦੇ ਸਚੇ ਦਰਬਾਰ ਵਿਚਿ ਪੰਚ ਪਰਵਾਨ ਜਨ ਹੀ ਸਿਰ ਕਢਵੀਂ ਸੋਭਾ ਦੇ ਪਾਤਰ ਬਣਦੇ ਹਨ। ਵਾਹਿਗੁਰੂ ਨਦਰੀ ਦੀ ਨਦਰ ਰਹਿਮਤ (ਕਰਮ) ਦੁਆਰਾ ਓਹਨਾਂ ਦੇ ਮਸਤਕ ਵਿਖੇ ਨੀਸਾਨੀ ਲੇਖ ਲਿਖਿਆ ਹੁੰਦਾ ਹੈ। ਓਹਨਾਂ ਦਾ ਲੇਖਾ ਕਰਮਾਂ ਦੇ ਹਿਸਾਬ ਤੋਂ ਪਾਕ ਬੇਬਾਕ ਹੋ ਗਿਆ ਹੁੰਦਾ ਹੈ। ਹੋਰ ਜੀਵਾਂ ਦੇ ਆਪੋ ਆਪਣੇ ਕਰਮਾਂ ਤੇ ਨਿਬੇੜੇ ਹੁੰਦੇ ਹਨ। ਪੰਚ ਪਰਵਾਨ ਜਨ ਪੂਗ ਖਲੋਤੇ ਗੁਰਮੁਖ ਜਨ ਲੇਖੇ ਤੋਂ ਰਹਿਤ ਕਰਮਾਂ ਦੀ ਕਾਣ ਕਨੌੜ ਤੋਂ ਮੁਬੱਰਾ ਹੋ ਗਏ ਹੁੰਦੇ ਹਨ। ਨਦਰਾਂ ਦੇ ਮਾਲਕ ਵਾਹਿਗੁਰੂ ਦੀ ਰਹਿਮਤ ਵਾਲੀ ਨਦਰ ਦੁਆਰਾ ਮਸਤਕ ਅੰਕ੍ਰਤੀ ਨੀਸਾਨੁ ਹੀ ਓਹਨਾਂ ਦਾ ਪਾਰਗ੍ਰਾਮੀ ਧੁਰਵਾ ਹੈ। ਤਿਨਾਂ ਦੇ ਗੁਰਮੁਖਾਂ ਵਾਲੇ ਨਾਮ ਨੀਸਾਨੀ ਕੀਤੇ ਕਰਮ ਓਹਨਾਂ ਦੀ ਕਰਮ ਰੇਖਾ ਮੇਟ ਮਿਟਵਾਇ ਦਿੰਦੇ ਹਨ। ਕਰਮ ਬਿਧਾਤਾ ਕਰਤਾ ਪੁਰਖ ਹੀ ਮੇਟ ਦਿੰਦਾ ਹੈ। ਓਹਨਾਂ ਉਤੇ ਨਦਰੀ ਦੀ ਨਦਰ ਰਹਿਮਤਿ ਹੋ ਜਾਂਦੀ ਹੈ। ਜਿਸ ਨਦਰ ਰਹਿਮਤੀ ਨੀਸਾਨੀ ਨੀਸਾਨੇ ਹੋਏ ਓਹ ਦਰਗਹਿ ਪੈਧੇ ਜਾਂਦੇ ਹਨ। ਜਿਸ ਕਰ ਕੇ ਸਚੇ ਦੇ ਸਚ ਦਰਬਾਰ ਵਿਚਿ ਵੜਨੋਂ ਓਹਨਾਂ ਨੂੰ ਕੋਈ ਅਟਕਾਉ ਨਹੀਂ ਹੁੰਦਾ।

ਸਚਾ ਆਪਿ ਸਚਾ ਦਰਬਾਰੁ॥
ਤਿਥੈ ਸੋਹਨਿ ਪੰਚ ਪਰਵਾਣੁ॥
ਨਦਰੀ ਕਰਮਿ ਪਵੈ ਨੀਸਾਣੁ॥

(ਜਪੁਜੀ ਸਾਹਿਬ)

## ਕਰਮ ਖੰਡ

ਇਸ ਰਹਿਮਤ ਨੀਸਾਨੀ ਪਰਲੋਕੀ ਖੰਡ ਵਿਖੇ ਪਾਤਰਾਂ ਪਾਰਗ੍ਰਾਮੀ ਗੁਰਮੁਖਾਂ ਦਾ ਹੀ ਵਾਸਾ ਹੁੰਦਾ ਹੈ। ਇਸੇ ਕਰਕੇ ਇਸ ਖੰਡ ਦਾ ਨਾਉ "ਕਰਮ ਖੰਡ" ਅਰਥਾਤ ਰਹਿਮਤ, ਫਜ਼ਲ, ਨਦਰ ਦਾ ਖੰਡ ਹੈ। ਉਥੇ ਆਤਮ ਜਿਨਣੀ ਸੂਰਿਆਂ ਦਾ ਵਾਸਾ ਹੁੰਦਾ ਹੈ। ਓਹਨਾਂ ਸੂਰਬੀਰ ਗੁਰ ਸਿਖਾਂ ਦਾ ਜਿਨ੍ਹਾਂ ਨੂੰ ਮਾਤ ਲੋਕ ਅੰਦਰਿ ਇਸ ਜੁਗ ਵਿਖੇ ਜਨਮਿਆ ਸਾਰੇ ਜੀਵਨ ਵਿਚ ਲਗਾਤਾਰ 'ਹਰਿ ਰੰਗੁ' ਲਗਿਆ ਰਹਿੰਦਾ ਹੈ ਅਤੇ ਹਰਿ ਰੰਗ ਸੇਤੀ ਰੰਗੀਜੇ ਹੀ ਦਰਗਹਿ ਪੈਧੇ ਜਾਂਦੇ ਹਨ। ਇਸ ਰੰਗ ਰੰਗੀਜੇ ਆਤਮ ਬਿਵਸਥਾ ਦੇ ਕਾਰਨ ਹੀ ਓਹਨਾਂ ਦਾ ਬਲੁ ਤੇਜ ਅਤੇ ਸੈ ਕਰਕੇ ਕਲਾਵਾਨ ਹੋ ਜਾਂਦਾ ਹੈ। ਇਹ ਮਹਾਂ ਬਲਿ ਸੂਰ ਤਾਣ ਬਾਣ ਨੀਸਾਣੀ ਕਰਮ ਖੰਡ (ਫਜ਼ਲ ਖੰਡ, ਨਦਰ ਖੰਡ, ਰਹਿਮਤ ਖੰਡ) ਨਿਰਾ ਤੇਜ ਕਲਾ ਸੰਞੁਕਤੂਰ, ਤੇਜ ਕਲਾ ਜੋਰ- ਸਮਰਥੂਰੀਆਂ ਸਹਿਤ ਭਰਪੂਰ ਹੁੰਦਾ ਹੈ। ਤਿਥੈ ਸਰਬ ਕਲਾ ਸਮਰਥ ਵਾਹਿਗੁਰੂ ਦੇ ਤੇਜ ਕਲਾ ਵਾਲਾ ਤੇਜ (ਸਮਰਥਾ) ਪਰਤਾਪੀਆਂ ਬਿਨਾਂ ਹੋਰ ਕਿਸੇ ਦਾ ਵਾਸਾ ਨਹੀਂ ਹੁੰਦਾ। ਤਿਥੈ ਆਤਮ ਬਲ ਕਰਕੇ ਸਰੀਰਕ ਅਤੇ ਮਾਨਸਕ ਇੰਦ੍ਰਿਆਂ ਨੂੰ ਵਸਿ ਕਰਨ ਵਾਲੇ ਜੋਧਿਆਂ ਮਹਾਂ ਬਲੀ ਸੂਰਮਿਆਂ ਦਾ ਵਾਸਾ ਹੁੰਦਾ ਹੈ। ਤਿਨਾਂ ਦੇ ਅੰਤਰਿ ਆਤਮੇ ਰਮਤਰਾਮ ਪਰਮਾਤਮਾ ਹੀ ਪਰਮਾਤਮਾ ਭਰਪੂਰ ਹੁੰਦਾ ਹੈ। ਯਥਾ ਗੁਰਵਾਕ :-

ਕਰਮ ਖੰਡ ਕੀ ਬਾਣੀ ਜੋਰੁ॥
ਤਿਥੈ ਹੋਰੁ ਨ ਕੋਈ ਹੋਰੁ॥
ਤਿਥੈ ਜੋਧ ਮਹਾਬਲ ਸੂਰ॥
ਤਿਨ ਮਹਿ ਰਾਮੁ ਰਹਿਆ ਭਰਪੂਰ॥

ਸਚੀ ਸੂਰਮਤਾਈ ਵਾਲੀ ਬਿਜੈ ਮੁਕਤੀ ਜਿੱਤ ਜਿੱਤਣ ਲਈ ਵਾਹਿਗੁਰੂ ਦੀ ਵਾਟ ਪਰਮਾਰਥੀ ਮਾਰਗ ਦਾ ਜੋ ਗੁਰਮਤਿ ਦੁਆਰਾ ਬੁਝਣਾ ਹੈ ਇਹੀ ਗੁਰਮੁਖਿ ਸੂਰਿਆਂ ਭਗਤਾਂ ਦਾ ਘੋੜੇ ਪਾਖਰ ਸੋਇਨੇ ਸਾਖਤਿ ਰੂਪੀ ਲਾਉ ਲਸ਼ਕਰੀ ਸਾਮਾਨ ਹੈ। ਅਤੇ ਗੁਰਮਤ ਗੁਣਾਂ ਦੇ ਤੱਤ ਨੂੰ ਗ੍ਰਹਿਣ ਕਰਨਾ ਏਹੋ ਤਰਕਸ ਤੀਰ ਕਮਾਨ ਤੇ ਗਬੰਦ ਰੂਪ ਯੁਧ ਦੇ ਹਥਿਆਰ ਹਨ। ਪਤਿ ਸਿਉ ਪਰਗਟ ਪਾਹਾਰੇ ਵਜਦੇ ਵਾਜੀਂ ਸਣ ਨੀਸਾਣੇ ਧੁਰਿ ਦਰਬਾਰ ਨੂੰ ਜਾਣਾ (ਪੁਜਣਾ) ਏਹੋ ਵਾਜਾ ਨੇਜਾ ਹੈ। ਵਾਹਿਗੁਰੂ ਦਾ ਫਜ਼ਲ ਹੀ ਧਰਮ ਜੋਧਿਆਂ ਦੀ ਜਾਤਿ ਹੈ। ਯਥਾ ਗੁਰਵਾਕ :-

ਘੋੜੇ ਪਾਖਰ ਸੁਇਨੇ ਸਾਖਤਿ ਬੂਝਣੁ ਤੇਰੀ ਵਾਟ॥
ਤਰਕਸ ਤੀਰ ਕਮਾਣ ਸਾਂਗ ਤੇਗਬੰਦ ਗੁਣ ਧਾਤੁ॥
ਵਾਜਾ ਨੇਜਾ ਪਤਿ ਸਿਉ ਪਰਗਟੁ
ਕਰਮੁ ਤੇਰਾ ਮੇਰੀ ਜਾਤਿ॥੩॥੪॥ ੭॥

(ਸਿਰੀ ਰਾਗ ਮਹਲਾ ੧)(੧੬)

ਫਲ ਪਰਦਾਤਾ ਕਰਮ ਬਿਧਾਤਾ ਵਾਹਿਗੁਰੂ ਅਪਣੀ ਫਜ਼ਲ ਮਿਹਰੰਮਤ ਨਾਲਿ ਤਾਰਨ ਲਗਿਆਂ ਇਕ ਬਿਲਮ ਨਹੀਂ ਲਾਉਂਦਾ। ਪਰ ਮਿਹਰੰਮਤ ਉਸ ਦੀ ਉਸ ਦੇ ਆਗਿਆਕਾਰੀ ਜਗਿਆਸੂ ਉਤੇ ਹੀ ਹੁੰਦੀ ਹੈ। ਜੋ



www.AKJ.Org

ਜਗਿਆਸੂ ਭੀ ਸੁਫਲ ਕਮਾਈ ਨਾਮ ਦੀ ਆਗਿਆਕਾਰੀ ਹੋ ਕੇ ਕਰਦਾ ਹੈ ਉਸ ਉਪਰ ਮੇਹਰਬਾਨ ਸੁਜਾਨ ਪਿਤਾ ਵਾਹਿਗੁਰੂ ਦੀ ਮਿਹਰੰਮਤ ਦਾ ਝਰਨਾ ਝਰਦਾ ਹੈ। ਸਭ ਤੋਂ ਵੱਡਾ ਅਤੇ ਸੱਚਾ ਕਿਰਸਾਣ ਕਰਤਾ ਪੁਰਖ ਆਪ ਹੈ ਜਿਸ ਦੀ ਖੇਤੀ ਸਾਰਾ ਸੰਸਾਰੁ ਹੈ। ਫੇਰ ਉਹ ਆਪ ਵੱਡਾ ਸੁਜਾਨ ਕਿਰਸਾਣ ਹੈ ਜੋ ਅਪਣੀ ਲਾਈ ਖੇਤੀ ਰੂਪੀ ਫੁਲਵਾੜੀ ਦੇ ਕਿਸੇ ਬੂਟੇ ਨੂੰ ਨਹੀਂ ਭੁੱਲਦਾ। ਸਾਰੀ ਕਿਰਸਾਣੀ ਨੂੰ ਪਰਾਰਬਧ ਰੂਪੀ ਜਲ ਪੁਜਾ ਰਿਹਾ ਹੈ। ਸਭ ਦੀ ਰਖਵਾਲੀ ਕਰ ਰਿਹਾ ਹੈ। ਸਭ ਦੀ ਸਾਰ ਲੈਂਦਾ ਹੈ, ਕਿਸੇ ਨੂੰ ਨਹੀਂ ਭੁਲਦਾ। ਜੇਹੜੇ ਗੁਰਮੁਖ ਜਗਿਆਸੂ ਰੂਪੀ ਸਚ (ਸਤਿ ਪਦਾਰਥ) ਦਾ ਬੀਜ ਦਾਣਾ ਬੋਵੰਦੇ ਹਨ ਅਤੇ ਸਚੀ ਗੁਰਮਤਿ ਨਾਮ ਅਭਿਆਸ ਕਮਾਈ ਕਰਦੇ ਹਨ ਤਿਨਾਂ ਨੂੰ ਤਿਸ ਅੰਮ੍ਰਿਤ ਨਾਮ ਬੀਜੇਂ ਦੀ ਸੁਫਲ ਕਮਾਈ ਦਾ ਫਲ ਇਹ ਲਗਦਾ ਹੈ। ਕਿ ਉਸ ਦੇ ਅੰਤਰਿ ਆਤਮੇ ਰਸ ਜੋਤਿ ਪ੍ਰਕਾਸ਼ ਦੀ ਮੁਸ਼ਕ ਝਕੋਲਣੀ ਬੂਟੀ ਉਗਵ ਖਲੋਂਦੀ ਹੈ। ਇਹ ਮੁਸ਼ਕ ਝਕੋਲਣਾ ਸੁਫਲ ਫਲ ਰਸ-ਜੋਤਿ ਪ੍ਰਕਾਸੀਆ ਨਾਮੁ ਹੀ ਹੁੰਦਾ ਹੈ। ਜਿਸ ਤੇ ਨਵਨਿਧੀਆਂ ਅਤੇ ਰਿਧੀਆਂ ਸਿਧੀਆਂ ਜ਼ਹੂਰ ਪਜ਼ੀਰ ਹੁੰਦੀਆਂ ਹਨ। ਤਾਂਤੇ ਪੂਰਨ ਗੁਰਮਤਿ ਰੀਤੀ ਜੁਗਤੀ ਨਾਲਿ ਬੀਜਿਆ ਸੰਚਰੀ ਜਿਆ ਨਾਮ ਗੁਰਮਤਿ ਅਭਿਆਸ ਕਮਾਈਆਂ ਦੇ ਸਚੇ ਕਿਰਤ ਕਰੰਮੀ ਪ੍ਰਭਾਵ ਕਰਕੇ ਨਵਨਿਧੀਆ ਅਤੇ ਰਸ ਜੋਤਿ ਵਿਗਸੀਆ ਨਾਮ ਪਰਜੁਲਤ ਹੋਇ ਉਪਜਦਾ ਹੈ। ਇਹ ਮੇਹਰਬਾਨ ਵਾਹਿਗੁਰੂ ਦਾ ਸਚਾ ਮੇਹਰੰਮਤੀ ਨੀਸਾਨ ਫਜ਼ਲ (ਕਰਮ) ਹੈ। ਯਥਾ ਗੁਰ ਵਾਕ:-

ਆਪਿ ਸੁਜਾਣੁ ਨ ਭੁਲਈ ਸਚਾ ਵਡ ਕਿਰਸਾਣੁ॥
ਪਹਿਲਾ ਧਰਤੀ ਸਾਧਿ ਕੈ ਸਚੁ ਨਾਮੁ ਦੇ ਦਾਣੁ॥
ਨਉਨਿਧਿ ਉਪਜੈ ਨਾਮੁ ਏਕੁ ਕਰਮਿ ਪਵੈ ਨੀਸਾਣੁ॥

ਜਿਸਦੇ ਉਪਰ ਉਸਦਾ ਫਜ਼ਲ ਕਰਮ ਹੁੰਦਾ ਹੈ ਤਿਸੇ ਦੇ ਹਿਰਦੇ ਰੂਪੀ ਭੂਮਕਾ ਵਿਚਿ ਅੰਮ੍ਰਿਤ ਨਾਮ ਦਾ ਬੀਜ ਸੰਚਰਦਾ ਹੈ। ਉਸੇ ਤੋਂ ਸੁਫਲ ਕਮਾਈਆਂ ਕਰਾਉਂਦਾ ਹੈ। ਉਸੇ ਨੂੰ ਰਸ ਜੋਤਿ ਪਰਕਾਸੀਏ ਨਵ੍ਨਿਧਿ ਨਾਮ ਦਾ ਸਫਲ ਫਲ ਲਾਉਂਦਾ ਹੈ। ਹੇ ਵਾਹਿਗੁਰੂ ! ਏਹ ਤੇਰਾ ਫਜ਼ਲ ਕਰਮ ਹੈ। ਇਹ ਤੇਰੀ ਮਿਹਰੰਮਤ ਹੈ। ਇਹ ਤੇਰੀ ਬਖਸ਼ਸ਼ ਹੈ।

"ਤੁਧੁ ਭਾਵੈ ਤਾ ਬਖਸਿ ਲੈਹਿ ਖੋਟੇ ਸੰਗਿ ਖਰੇ॥
ਨਾਨਕ ਭਾਵੈ ਪਾਰਬ੍ਰਹਮ ਪਾਹਨ ਨੀਰਿ ਤਰੇ॥"੪੨॥
(ਗਉੜੀ ਬਾਵਨ ਅਖਰੀ)

ਖਰਿਆਂ ਦੇ ਸੰਗਿ ਨਾਲ ਖੋਟੇ ਭੀ ਬਖਸ਼ੇ ਜਾਂਦੇ ਹਨ ਜੇਕਰ ਵਾਹਿਗੁਰੂ ਦੀ ਬਖਸ਼ਸ਼ ਹੋਵੇ। ਬਖਸ਼ਸ਼ ਮਿਹਰੰਮਤ ਅੱਗੇ ਖੋਟੇ ਕਰਮਾਂ ਦੀ ਭੀ ਪੁਛ ਨਹੀਂ ਹੁੰਦੀ। ਖੋਟੇ ਕਰਮਾਂ ਦਾ ਲੇਖਾ ਭੀ ਫਜ਼ਲ ਕਰਮ ਅਗੇ ਮੁੱਕ ਚੁੱਕ ਜਾਂਦਾ ਹੈ। ਪਾਰਬ੍ਰਹਮ ਦੀ ਮਿਹਰੰਮਤ ਰੂਪੀ ਵਡ ਵਡਿਆਈ ਦੇ ਤੁਫੈਲ ਪਾਣੀ ਵਿਚਿ ਪੱਥਰ ਭੀ ਤਰ ਜਾਂਦੇ ਹਨ।

ਪਰਮਾਰਥੀ ਪ੍ਰੇਮ ਪਿਆਰੁ ਭੀ ਵਾਹਿਗੁਰੂ ਅਪਣੇ ਫਜ਼ਲ ਕਰਮ ਫਜ਼ਲ ਕਰੰਮੀ ਜਗਿਆਸੂਆਂ ਦੇ ਅੰਦਰਿ ਲਾਉਂਦਾ ਹੈ ਉਸਦੀ ਮਿਹਰੰਮਤ ਨਦਰ ਕਰ ਕੇ ਉਸ ਦੇ ਮਨਜ਼ੂਰ ਨਜ਼ਰ ਹੋਏਵੇ ਹੁੰਦੇ ਹਨ। ਸਾਨੂੰ ਭੀ ਉਸਦੀ ਮੇਹਰ ਨਦਰ ਮਿਹਰੰਮਤ ਦੇ ਪਾਤਰ ਹੋਣ ਦੀ ਯਾਚਨਾ ਕਰਨੀ ਚਾਹੀਦੀ ਹੈ।

ਜਿਨ ਕਉ ਪ੍ਰੇਮ ਪਿਆਰੁ ਤਉ
ਆਪੇ ਲਾਇਆ ਕਰਮੁ ਕਰਿ॥
ਨਾਨਕ ਲੇਹੁ ਮਿਲਾਇ ਮੈ
ਜਾਚਿਕ ਦੀਜੈ ਨਾਮੁ ਹਰਿ॥
(੧੪੨੨ ਸਲੋਕ ਵਾਰਾਂ ਤੋਂ ਵਧੀਕ)

ਨਾਮ ਦੀ ਸੱਚੀ ਯਾਚਨਾ ਭੀ ਉਸੇ ਨੂੰ ਸਿਖਾਉਂਦਾ ਅਤੇ ਉਸੇ ਤੋਂ ਕਰਾਉਂਦਾ ਹੈ ਜਿਸ ਉਪਰ ਉਸਦਾ ਮੇਹਰ ਨਦਰੀ ਕਰਮ ਫਜ਼ਲ ਹੁੰਦਾ ਹੈ। ਜੋ ਜੋ ਜਨ ਇਸ ਜਨਮ ਵਿਖੇ ਗੁਰੂ ਦੀ ਚਰਨੀ ਆਇ ਲਗਦੇ ਹਨ, ਸਚੇ ਗੁਰੂ ਸਤਿਗੁਰੂ ਨਾਨਕ ਸਰੂਪ ਦੀ ਸਰਨੀ ਆਇ ਢਹਿੰਦੇ ਹਨ ਤਿਨਾਂ ਉਪਰ ਹੀ ਵਾਹਿਗੁਰੂ ਦਾ ਸੱਚਾ ਫਜ਼ਲ ਕਰਮ ਹੁੰਦਾ ਹੈ। ਯਥਾ ਗੁਰਵਾਕ:-

ਨਾਨਕ ਕਰਮੁ ਪਾਇਆ ਤਿਨ ਸਚਾ
ਜੋ ਗੁਰ ਚਰਣੀ ਲਗੇ ਆਇ॥

ਤਿਨਾਂ ਨੂੰ ਸੱਚੇ ਦਾ ਸੱਚਾ ਕਰਮ ਹੀ ਪ੍ਰਾਪਤਿ ਹੁੰਦਾ ਹੈ ਜੋ ਸਚੇ ਸਤਿਗੁਰੂ ਦੇ ਚਰਨ ਸਰਨ ਆਇਕੇ ਗੁਰੂ ਕੇ ਸਿਖ ਸਜਦੇ ਹਨ। ਚਰਨੀ ਸਰਨੀ ਸਤਿਗੁਰੂ ਦੀ ਆਇਕੇ ਗੁਰੂ ਘਰ ਤੋਂ ਗੁਰ ਦੀਖਿਆ ਗੁਰਮੰਤ੍ਰ ਗੁਰਮਤਿ ਨਾਮ ਪ੍ਰਾਪਤਿ ਕਰਦੇ ਹਨ। ਜਿਤਨੀ ਭੀ ਦਾਨ ਦਾਤਾਰ ਵਾਹਿਗੁਰੂ ਦੀ ਅਚਿੰਤ ਦਾਤਿ ਹੈ ਸੋ ਸਭ ਫਜ਼ਲ ਕਰੰਮੀ ਦਾਤਿ ਹੈ।

ਪੂਰੇ ਗੁਰ ਤੇ ਵਡਿਆਈ ਪਾਈ॥
ਅਚਿੰਤ ਨਾਮੁ ਵਸਿਆ ਮਨਿ ਆਈ॥

ਨਾਮ ਦਾ ਅਚਿੰਤ ਮਨਿ ਵਿਖੇ ਵਸਿ ਆਉਣਾ, ਅਚਿੰਤ ਹੀ ਨਾਮ ਦਾ ਹਿਰਦੇ ਅੰਦਰਿ ਆ ਪ੍ਰਕਾਸ਼ ਹੋਣਾ,


www.AKJ.Org

ਇਹ ਸਭ ਸਤਿਗੁਰੂ ਦੀ ਵਡਿਆਈ ਹੈ। ਇਹ ਵਾਹਿਗੁਰੂ ਦੀ ਫਜ਼ਲ ਕਰੰਮੀ ਮਿਹਰੰਮਤ ਹੈ। ਨਹੀਂ ਤਾਂ ਨ੍ਹਾਨ੍ਹਾ ਪਰਕਾਰੀ ਕਰਮਾਂ ਦੀ ਘਾਲ ਕਮਾਈ ਅਪਣੀ ਘਾਲਨਾ ਉਤੇ ਸ਼ਾਂਕਰ ਹੋ ਕੇ ਕੀਤੀ ਸੇਵਾ ਭਗਤੀ ਐਵੇਂ ਨਿਸਫਲ ਹੀ ਜਾਂਦੀ ਹੈ। ਗੁਰਮੰਤ੍ਰ ਗੁਰਮਤਿ ਨਾਮ ਦੀ ਕਮਾਈ ਭੀ ਬਗੈਰ ਉਸਦੀ ਦਇਆ ਮਇਆ ਦੇ ਫਲੀ ਭੂਤ ਨਹੀਂ ਹੁੰਦੀ। ਗੁਰੂ ਦੇ ਮੰਤਰ ਦੀ ਅਭਿਆਸ ਕਮਾਈ ਕਰਨ ਭੀ ਉਹ ਜਨ ਲਗਦਾ ਹੈ ਜਿਸ ਉਪਰ ਨਦਰ ਕਰੰਮੀ ਵਾਹਿਗੁਰੂ ਦਾ ਮਿਹਰੰਮਤ ਫਜ਼ਲ ਹੋਵੇ।

ਸੇਵਿ ਨ ਮਿਲਿਓ ਘਾਲਿ ਨ ਮਿਲਿਓ
ਮਿਲਿਓ ਆਇ ਅਚਿੰਤਾ॥
ਕਹੁ ਨਾਨਕ ਜਿਸ ਭਏ ਦਇਆਲਾ
ਤਿਸੁ ਗੁਰਹਿ ਕਮਾਨੋ ਮੰਤਾ॥

ਜਿਸ ਨੂੰ ਵਾਹਿਗੁਰੂ ਦੀ ਪ੍ਰਾਪਤੀ ਹੋਣੀ ਹੁੰਦੀ ਹੈ। ਉਸ ਨੂੰ ਗੁਰੂ ਮੰਤ੍ਰ ਕਮਾਉਣ ਦੀ ਦਇਆਲਤਾ ਪਹਿਲਾਂ ਹੋ ਜਾਂਦੀ ਹੈ। ਫੇਰ ਇਸ ਦਇਆਲਤਾ ਨਦਰ ਮੇਹਰ ਦੇ ਪ੍ਰਾਇਨ ਹੋ ਕੇ ਜੋ ਪਿਆਰਾ ਸਫਲ ਕਮਾਈਆਂ ਕਰਦਾ ਹੈ ਉਸ ਦੀ ਘਾਲ ਥਾਇਂ ਪੈਂਦੀ ਹੈ। ਉਸ ਉਪਰ ਦਇਆਲੂ ਨਦਰਾਲੂ ਪਿਤਾ ਪਰਮਾਤਮਾ ਅਪਣੇ ਵਸਲ ਦਾ ਫਜ਼ਲ ਕਰਮ ਨਾਜ਼ਲ ਕਰਦਾ ਹੈ। ਦਰਸ ਪਿਆਸ ਦੀ ਆਸ ਦੇ ਸੰਕਲਪ ਫੁਰਨ ਤੋਂ ਭੀ ਜਦੋਂ ਸੁਰਤੀ ਬਿਰਤੀ ਅਫੁਰ ਹੋ ਜਾਵੇ ਤਦੋਂ ਹੀ ਅਚਿੰਤ ਆਤਮ ਪ੍ਰਾਪਤਿ ਹੁੰਦੀ ਹੈ ਅਤੇ ਤਦੋਂ ਹੀ ਨਿਜ ਕਰਮ ਕਰੰਤਣੇ ਮਾਣ ਦਾ ਕੜ ਟੁਟਦਾ ਹੈ। ਤਾਂ ਤੇ ਅਭਿਆਸੀ ਜਨ ਲਈ ਲਾਜ਼ਮੀ ਹੈ ਕਿ ਨਾਮ ਅਭਿਆਸ ਕਰਮ ਦੀ ਅਤੁੱਟ ਕਮਾਈ ਕਰਦਾ ਹੋਇਆ ਭੀ ਕ੍ਰਿਪਾਲੂ ਜ਼ੁਲ ਜਲਾਲੂ ਕਾਰਨ ਕਰੀਮ ਫਜ਼ਲਾਲੂ ਦੇ ਫਜ਼ਲ ਕਰਮ ਤੇ ਹੀ ਡੋਰੀ ਰਖੇ, ਦਰਸਨ ਮਿਲਾਪ ਦੀ। ਟੇਕ ਭਰੋਸਾ ਏਕੈ ਅਕਾਲ ਪੁਰਖ ਤੇ ਰਖੇ। ਫੇਰ ਉਹ ਇਕ ਛਿੰਨ ਅਚਿੰਤੇ ਹੀ ਆਵੇਗੀ ਕਿ ਇਕ ਦਮ ਕਿਵਾੜ ਖੁਲ ਜਾਣਗੇ ਅਤੇ ਦਰਸ਼ਨ ਜੋਤਿ ਦੇ ਝਲਕਾਰ ਅੰਤਰਿ ਹਿਰਦਾਰੇ (ਘਟ ਅੰਤਰਿ) ਹੀ ਆਇ ਪੈਣਗੇ। ਬਹੁਤ ਕੁਝ ਉਸ ਦੇ ਫਜ਼ਲ ਕਰਮ ਉਤੇ ਹੀ ਨਿਰਭਰ ਹੈ। ਅਪਣੇ ਕਰਮਾਂ ਉਤੇ ਕੀ ਕੋਈ ਸ਼ਾਂਕਰ ਹੋਵੇਗਾ। "ਖੁਲਿਓ ਕਰਮ ਭਇਓ ਪਰਗਾਸਾ" ਵਾਲੀ ਸੁਫਲ ਘੜੀ ਅਚਿੰਤੇ ਹੀ ਘਟਿ ਅੰਤਰਿ ਕਰੰਮਾਤਿ ਹੋਣੀ ਹੈ ਫਜ਼ਲ ਨਸੀਬਤ ਹੋਣੀ ਹੈ। ਦੇਖੋ ਅਚਿੰਤ ਦਾਤਿ ਦੀ ਫਜ਼ਲ ਖੇਡ ਅਗਲੇ ਗੁਰਵਾਕ ਵਿਖੇ ਕੈਸੀ ਅਨੂਪਮ ਰਚੀ ਹੈ। ਯਥਾ ਗੁਰਵਾਕ :-

(ਭੈਰਉ ਮਹਲਾ ੫)
ਸਤਿਗੁਰ ਮੋ ਕਉ ਕੀਨੋ ਦਾਨੁ॥
ਅਮੋਲ ਰਤਨ ਹਰਿ ਦੀਨੋ ਨਾਮੁ॥
ਸਹਜ ਬਿਨੋਦ ਚੋਜ ਆਨੰਤਾ॥
ਨਾਨਕ ਕਉ ਪ੍ਰਭੁ ਮਿਲਿਓ ਅਚਿੰਤਾ॥
ਕਹੁ ਨਾਨਕ ਕੀਰਤਿ ਹਰਿ ਸਾਚੀ॥
ਬਹੁਰਿ ਬਹੁਰਿ ਤਿਸੁ ਸੰਗਿ ਮਨੁ ਰਾਚੀ॥੧॥ ਰਹਾਓ॥
ਅਚਿੰਤ ਹਮਾਰੈ ਭੋਜਨ ਭਾਉ॥
ਅਚਿੰਤ ਹਮਾਰੈ ਲੀਚੈ ਨਾਉ॥
ਅਚਿੰਤ ਹਮਾਰੈ ਸਬਦਿ ਉਧਾਰ॥
ਅਚਿੰਤ ਹਮਾਰੈ ਭਰੇ ਭੰਡਾਰ॥੨॥
ਅਚਿੰਤ ਹਮਾਰੈ ਕਾਰਜ ਪੂਰੇ॥
ਅਚਿੰਤ ਹਮਾਰੈ ਲਥੇ ਵਿਸੂਰੇ॥
ਅਚਿੰਤ ਹਮਾਰੈ ਬੈਰੀ ਮੀਤਾ॥
ਅਚਿੰਤੋ ਹੀ ਇਹੁ ਮਨੁ ਵਸਿ ਕੀਤਾ॥੩॥
ਅਚਿੰਤ ਪ੍ਰਭੂ ਹਮ ਕੀਆ ਦਿਲਾਸਾ॥
ਅਚਿੰਤ ਹਮਾਰੀ ਪੂਰਨ ਆਸਾ॥
ਅਚਿੰਤ ਹਮਾ ਕਉ ਸਗਲ ਸਿਧਾਂਤ॥
ਅਚਿੰਤੁ ਹਮ ਕਉ ਗੁਰ ਦੀਨੋ ਮੰਤੁ॥੪॥
ਅਚਿੰਤ ਹਮਾਰੇ ਬਿਨਸੇ ਬੈਰ॥
ਅਚਿੰਤ ਹਮਾਰੇ ਮਿਟੇ ਅੰਧੇਰ॥
ਅਚਿੰਤੋ ਹੀ ਮਨਿ ਕੀਰਤਨੁ ਮੀਠਾ॥
ਅਚਿੰਤੋ ਹੀ ਪ੍ਰਭੁ ਘਟਿ ਘਟਿ ਡੀਠਾ॥੫॥
ਅਚਿੰਤ ਮਿਟਿਓ ਹੈ ਸਗਲੋ ਭਰਮਾ।
ਅਚਿੰਤ ਵਸਿਓ ਮਨਿ ਸੁਖ ਬਿਸ੍ਰਾਮਾ।
ਅਚਿੰਤ ਹਮਾਰੈ ਅਨਹਤ ਬਾਜੈ॥
ਅਚਿੰਤ ਹਮਾਰੈ ਗੋਬਿੰਦੁ ਗਾਜੈ॥੬॥
ਅਚਿੰਤ ਹਮਾਰੈ ਮਨੁ ਪਤੀਆਨਾ॥
ਨਿਹਚਲ ਧਨੀ ਅਚਿੰਤੁ ਪਛਾਨਾ॥
ਅਚਿੰਤੋ ਉਪਜਿਓ ਸਗਲ ਬਿਬੇਕਾ॥
ਅਚਿੰਤ ਚਰੀ ਹਥਿ ਹਰਿ ਹਰਿ ਟੇਕਾ॥੭॥
ਅਚਿੰਤ ਪ੍ਰਭੂ ਧੁਰਿ ਲਿਖਿਆ ਲੇਖੁ॥
ਅਚਿੰਤ ਮਿਲਿਓ ਪ੍ਰਭੁ ਠਾਕੁਰੁ ਏਕੁ॥
ਚਿੰਤ ਅਚਿੰਤਾ ਸਗਲੀ ਗਈ॥
ਪ੍ਰਭ ਨਾਨਕ ਨਾਨਕ ਨਾਨਕ ਮਈ॥ ੮॥੩॥੬॥

ਵਿਆਖਿਆ :- ਫੈਜ਼ ਗੰਜੂਰ ਕਰੀਮੁਲਕਮਾਲ ਸ੍ਰੀ ਅਕਾਲ ਪੁਰਖ ਦਾ ਅੱਵਲ ਤਰੀਨ ਫੈਜ਼ ਫਜ਼ਲ ਰਹਿਮਤ ਪਾਤਰੀ ਜਨਾਂ ਉਤੇ ਇਹ ਹੁੰਦਾ ਹੈ ਕਿ ਸਤਿਗੁਰ



www.AKJ.Org

ਸੱਚੇ ਦੁਆਰਾ ਵਾਹਿਗੁਰੂ ਨਾਮ ਰੂਪੀ ਅਮੋਲ ਰਤਨ ਦਾ ਦਾਨ ਓਹਨਾਂ ਨੂੰ ਦਿਵਾਉਂਦਾ ਹੈ ਜੋ ਵਾਹਿਗੁਰੂ ਦੀ ਨਦਰ ਮੇਹਰ ਫਜ਼ਲ ਦੇ ਪਾਤਰ ਅਧਿਕਾਰੀ ਪ੍ਰਮ ਅਧਿਕਾਰੀ ਹੁੰਦੇ ਹਨ। ਇਸ ਗੁਰਮਤਿ ਨਾਮ ਦੀ ਪਾਰਸ ਅਭਿਆਸਨੀ ਕਲਾ ਦੇ ਤੁਫੈਲ ਗੁਰੂ ਨਾਨਕ ਸਾਹਿਬ ਦੇ ਵਰੋਸਾਏ ਸਿਖਾਂ ਨੂੰ ਵਾਹਿਗੁਰੂ ਦਾ ਵਸਲ ਮਿਲਾਪ ਅਚਿੰਤੇ ਹੀ ਹੋ ਜਾਂਦਾ ਹੈ। ਵਸਲ ਹੋਣ ਸਾਰ ਹੀ ਚੋਜੀ ਪ੍ਰੀਤਮ ਅੰਪਣੇ ਅਨਿੰਨ ਪ੍ਰੇਮੀ ਜਨਾ ਨਾਲਿ ਸਹਜ ਅਨੰਦ ਬਿਨੋਦੀ ਅਨੰਤ ਚੋਜ ਕਰਨ ਲਗ ਪੈਂਦਾ ਹੈ। ਇਸ ਚੋਜ ਅਨੰਦੀ ਪ੍ਰਮ ਅਧਿਭੁਤ ਰੰਗਾਂ ਅੰਦਰਿ ਵਾਹਿਗੁਰੂ ਸੇਤੀ ਚੋਜ ਬਿਨੋਦੀ ਕੇਲ ਕਰੰਦਿਆਂ ਅਤ ਸੁਰਤਿ ਸਮੀਪੀ ਅਤੇ ਦ੍ਰਿਸ਼ਟ ਸਨਮੁਖੀ ਪ੍ਰੀਤਮ ਦਰਸ਼ਨ ਕਰਦਿਆਂ ਹੋਇਆਂ ਜੋ ਗੁਰਬਾਣੀ ਸਚੀ ਬਾਣੀ ਦੇ ਕੀਰਤਨ ਦਾ ਆਨੰਦ ਆਉਂਦਾ ਹੈ ਉਹ ਅਦੁਤੀ ਅਤੇ ਅਕਥਨੀਯ ਹੈ। ਤਤ ਆਤਮ ਅਨੰਦ ਦੀ ਅਵਧੀ ਪ੍ਰੀਤਮ ਪਰਮਾਤਮਾ ਦੀ ਸਾਪੇਕਸ਼ ਦਿਬ ਦੀਦਾਰਤਾ ਵਿਚਿ ਹੀ ਹੁੰਦੀ ਹੈ। ਵਾਹਿਗੁਰੂ ਦੀ ਇਸ ਸਾਚੀ ਰੰਗ ਰਾਚੀ ਕੀਰਤਿ ਦਾ ਕੀਰਤਨੀ ਜਨਾਂ ਨੂੰ ਰੱਜ ਨਹੀਂ ਆਉਂਦਾ। ਓਹ ਬਹੁੜਿ ਬਹੁੜਿ ਕੀਰਤਨ ਦੇ ਉਮਾਹਿਆਂ ਵਿਚ ਹੀ ਉਮਾਹੁੰਦੇ ਹਨ ਅਤੇ ਮੁੜਿ ਮੁੜਿ ਕੀਰਤਨ ਰੰਗਾਂ ਵਿਚਿ ਹੀ ਰਚੇ ਰਹਿੰਦੇ ਹਨ। ਕੀਰਤਨ ਓਹਨਾਂ ਤੋਂ ਛਡਿ ਹੀ ਨਹੀਂ ਹੁੰਦਾ। ਨਾ ਪ੍ਰੀਤਮ ਦਾ ਦੀਦਾਰ ਛੁਟੇ ਨਾ ਕੀਰਤਨ ਛੁਟੇ। ਇਕ ਛਿਨ ਪਲ ਜੇ ਕਿਤੇ ਦੀਦਾਰ ਲਾਂਭੇ ਭੀ ਹੋ ਜਾਂਦਾ ਹੈ ਅਤੇ ਦੀਦਾਰ ਮਾਸੂਕੀ ਪ੍ਰੀਤਮ ਲੁਕਣ ਮੀਟੀਆਂ ਖੇਲਣ ਲਗ ਪੈਂਦਾ ਹੈ ਤਾਂ ਭੀ ਓਹ ਕੀਰਤਨ ਕਰਿ ਕਰਿ ਹੀ ਦਰਸਨ ਦੀਦਨੀ ਮੌੜੇ ਮਹਿਬੂਬ ਦੇ ਕਰਾਉਂਦੇ ਹਨ। ਤੁਰੰਤ ਹੀ ਕੀਰਤਨ ਕਰਨਾ ਅਰੰਭ ਦਿੰਦੇ ਹਨ ਕੀਰਤਨੀਆਂ ਦੇ ਕੀਰਤਨ ਤੇ ਰੀਝਕੇ ਲੁਕਣ ਮੀਟਣੀਆਂ ਮਹਿਬੂਬ ਫੇਰ ਨਖਰ ਨਹੋਰੜਾ ਘੁੰਗਟ ਲਾਹ ਕੇ ਅਤਿ ਅਪਾਰ ਜਗਮਗੀ ਮੁਖਾਰ ਦਾ ਦਰਸ਼ਨ ਦੀਦਾਰ ਦਿੰਦਾ ਹੋਇਆ ਸਨਮੁਖ ਆ ਜ਼ਹੂਰ ਪਜ਼ੀਰ ਹੁੰਦਾ ਹੈ। ਦਰਸ ਜ਼ਹੂਰੀ ਸਾਪੇਖਸ਼ਤ ਦੇ ਵਿਗਾਸ ਅੰਦਰਿ ਕੀਰਤਨ ਰੰਗਾਂ ਵਿਚ ਜੋ ਮਹਿਵਤਾ ਹੁੰਦੀ ਹੈ ਉਹ ਅਗੇ ਨਾਲੋਂ ਭੀ ਅਕਥਨੀਯ ਹੁੰਦੀ ਹੈ। ਕੀਰਤਨ ਓਹਨਾਂ ਦਾ ਭੋਜਨ ਹੀ ਹੋ ਜਾਂਦਾ ਹੈ। ਇਸ ਭੋਜਨ ਭਾਉ ਵਿਚ ਹੋਰ ਭੋਜਨ ਦੀ ਰੁਚੀ ਹੀ ਨਹੀਂ ਰਹਿੰਦੀ। ਅਨ ਦਿਨ ਓਹ ਕੀਰਤਨ ਰੂਪੀ ਭੋਜਨ ਭੁੰਚਣ ਵਿਚਿ ਹੀ ਰਚੇ ਰਹਿੰਦੇ ਹਨ। ਨਾ ਛਾਦਨ ਦੀ ਨਾ ਭੋਜਨ ਦੀ ਰੁਚੀ ਇਛਾ ਹੀ ਨਹੀਂ ਰਖਦੇ। ਅਚਿੰਤੇ ਜੋ ਭੋਜਨੀ ਪਦਾਰਥ ਆ ਮਿਲੇ ਸੋ ਭੁੰਚ ਲੈਂਦੇ ਹਨ ਅਤੇ ਸੋਈ ਭੁੰਚਕੇ ਸੰਤੁਸ਼ਟ ਰਹਿੰਦੇ ਹਨ। ਭਾਵੇਂ ਰੁੱਖਾ ਸੁੱਖਾ ਭੋਜਨ ਹੀ ਹੋਵੇ "ਛਾਦਨ ਭੋਜਨ ਕੀ ਆਸ ਨ ਕਰਈ ਅਚਿੰਤੁ ਮਿਲੈ ਸੋ ਪਾਏ" ਇਹ ਹੈ "ਅਚਿੰਤ ਹਮਾਰੈ ਭੋਜਨ ਭਾਉ" ਦੀ ਭਾਉ ਭੁਗਤਨੀ ਬਵਸਥਾ। ਇਸ ਅਵਸਥਾ ਵਿਖੇ ਨਾਮ ਅਭਿਆਸ ਦਾ ਸਫੁਰਨ ਵੇਗ ਭੀ ਅਫੁਰ ਹੀ ਫੁਰਦਾ ਹੈ ਅਤੇ ਸੁਤੇ ਸੁਭਾਵ ਹੀ ਬਿਨਾ ਯਤਨ ਦੇ ਚੌਲਿਆ ਰਹਿੰਦਾ ਹੈ। ਊਠਤ ਬੈਠਤ ਸੋਵਤ ਜਾਗਤ ਚਲਦਿਆਂ ਫਿਰਦਿਆਂ ਅਚਿੰਤੇ ਹੀ ਸੁਰਤੀ ਕਰਕੇ ਸੁਆਸਾਂ ਕਰਕੇ ਜਪ ਅਭਿਆਸ ਕਰਕੇ ਨਾਮ ਦਾ ਸਹਜ ਬਿਲੋਵਨਾ ਆਪਹੁਦਰੋਂ ਹੀ ਬਿਲੋਈਦਾ ਰਹਿੰਦਾ ਹੈ। ਦਇਆਲੂ ਕ੍ਰਿਪਾਲੂ ਕਰੀਮ ਰਹੀਮ ਵਾਹਿਗੁਰੂ ਦੇ ਫਜ਼ਲ ਕਰੰਮ ਅਤੇ ਰਹਿਮਤ ਕਰੰਮ ਦਾ ਉਸ ਗੁਰਮੁਖ ਜਨ ਤੇ ਪਾਸ ਨਛਾਵਰਾ ਹੈ ਜਿਸ ਨੂੰ ਇਹ "ਅਚਿੰਤ ਹਮਾਰੈ ਲੀਚੇ ਨਾਉ" ਦੀ ਲਹਿਰ ਬਹਿਰ ਪ੍ਰਾਪਤਿ ਹੋਈ ਹੈ। ਫਜ਼ਲ ਕਰੰਮੀ ਰੱਬੀ ਉਦਾਰਤਾ ਦੇ ਪਾਤਰ ਜਨਾਂ ਦਾ ਸਬਦ ਦੁਆਰਾ ਉਧਾਰ ਨਿਸਤਾਰਾ ਭੀ ਇਕ ਛਿਨਕ ਮਾਤਰ ਵਿਚਿ ਅਚਿੰਤੇ ਹੀ ਹੋ ਜਾਂਦਾ ਹੈ। ਸ਼ਬਦ ਉਧਾਰ ਰਹਿਮਤਿ ਪਾਤਰੀਸ਼ਾਂ ਦੇ ਮੁਕਤਿ ਭੁਗਤਿ ਦੇ ਭੰਡਾਰ ਅਚਿੰਤੇ ਹੀ ਭਰੇ ਰਹਿੰਦੇ ਹਨ। " ਅਚਿੰਤ ਹਮਾਰੈ ਸਬਦਿ ਉਧਾਰ।। ਅਚਿੰਤ ਹਮਾਰੈ ਭਰੇ ਭੰਡਾਰ।।" ਦੀ ਮਿਹਰੰਮਤ ਵਰੋਸਾਇਆਂ ਦੇ ਸਾਰੇ ਕਾਰਜ ਭੀ ਅਚਿੰਤੇ ਹੀ ਪੂਰੇ ਹੁੰਦੇ ਰਹਿੰਦੇ ਹਨ, ਕੋਈ ਭੀ ਅਧੂਰਾ ਨਹੀਂ ਰਹਿੰਦਾ। "ਸਿਰਿ ਊਪਰਿ ਠਾਢਾ ਗੁਰੁ ਸੂਰਾ। ਨਾਨਕ ਤਾ ਕੇ ਕਾਰਜ ਪੂਰਾ।। ਦੀ ਭਾਵ ਘਟਨਾ ਸੁਤੇ ਸੁਭਾਵ ਹੀ ਘਟਦੀ ਰਹਿੰਦੀ ਹੈ। ਓਹਨਾਂ ਦੇ ਸਾਰੇ ਵਿਸੂਰੇ ਝੁਰੇਵੇਂ ਭੀ ਅਚਿੰਤੇ ਹੀ ਲਹਿ ਜਾਂਦੇ ਹਨ। ਅਤੇ ਸਦਾ ਹੀ ਲਥੇ ਰਹਿੰਦੇ ਹਨ। "ਅਚਿੰਤ ਹਮਾਰੈ ਲਥੇ ਵਿਸੂਰੇ।।" ਦੀ ਨਦਰਿ ਦ੍ਰਿਸ਼ਟੀ ਜਿਨਾਂ ਉਪਰਿ ਹੋ ਗਈ ਓਹਨਾਂ ਨੂੰ "ਨਾ ਕੋ ਮੇਰਾ ਦੁਸਮਨੁ ਰਹਿਆ ਨਾ ਹਮ ਕਿਸ ਕੇ ਬੈਰਾਈ" ਦੇ ਗੁਰਵਾਕ ਅਨੁਸਾਰਤਾ ਵਾਲੀ ਸਮ ਦ੍ਰਿਸਟਿ ਪ੍ਰਾਪਤਿ ਹੋ ਜਾਂਦੀ ਹੈ। ਓਹਨਾਂ ਦਾ ਨਾ ਕੋਈ ਦੁਸਮਨ ਰਹਿੰਦਾ ਹੈ ਨਾ ਓਹ ਕਿਸੇ ਨਾਲ ਵੈਰ ਭਾਵ ਰਖਦੇ ਹਨ। ਕਿਸੇ ਦੇ ਭੀ ਵੈਰੀ ਨਹੀਂ ਹੁੰਦੇ ਬਲਕਿ ਸਾਰੇ ਓਹਨਾਂ ਦੇ ਮਿਤਰ ਅਤੇ ਓਹ ਸਾਰਿਆਂ ਦੇ ਸਜਣ ਬਣੇ ਰਹਿੰਦੇ ਹਨ। "ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ" ਸਗੋਂ ਬੈਰੀ ਭੀ ਓਹਨਾ ਦੇ ਮਿਤਰ ਬਣ ਜਾਂਦੇ ਹਨ ਅਤੇ ਅਚਿੰਤੇ ਹੀ ਹੋ ਜਾਂਦੇ ਹਨ। "ਅਚਿੰਤ ਹਮਾਰੈ ਬੈਰੀ ਮੀਤਾ" ਫਜ਼ਲ ਕਰੰਮੀ ਪਰਤਾਪ



www.AKJ.Org

ਅਚਿੰਤੇ ਹੀ ਤਿਨਾ ਦੇ ਵਿਰਸੇ ਵਿਚਿ ਆ ਜਾਂਦਾ ਹੈ। ਜੋ ਅੰਮ੍ਰਿਤ ਅਭਿਆਸ ਸਬਦ ਰਸਾਇਣੀ ਹੁੰਦੇ ਹਨ, ਸਾਲਾਹੀ ਵਾਹਿਗੁਰੂ ਦੀ ਸਿਫਤ ਸਾਲਾਹ ਕਰਨ ਵਾਲਿਆਂ ਨੂੰ ਦੁਸ਼ਮਨ ਦਾ ਭੈ ਨਹੀਂ ਰਹਿੰਦਾ। "ਨਾਨਕ ਨਾਮੁ ਸਲਾਹੀਐ ਭਇ ਦੁਸਮਨ ਭਾਗੇ" ਓਹਨਾਂ ਦੀ ਅੰਤ੍ਰਗਤੀ ਭਾਵਨਾ ਸਾਰਿਆਂ ਨੂੰ ਅਪਣਾ ਮਿਤ੍ਰ ਕਰਕੇ ਜਾਨਣ ਵਾਲੀ ਹੁੰਦੀ ਹੈ ਅਤੇ ਵਰਤੋਂ ਵਿਹਾਰ ਭੀ ਸਭਨਾ ਦੇ ਨਾਲਿ ਮਿਤਰਚਾਰੇ ਵਾਲਾ ਹੁੰਦਾ ਹੈ। ਓਹ ਬੁਰੇ ਦਾ ਭੀ ਭਲਾ ਤਕਦੇ ਹਨ। ਬੁਰੇ ਕਰਨ ਵਾਲੇ ਨਾਲਿ ਭੀ ਭਲਾ ਸਲੂਕ ਰਖਦੇ ਹਨ ਕਿਉਂਕਿ ਮਨੋ ਭਾਵਨਾ ਓਹਨਾਂ ਦੀ ਸਦਾ ਸਭਨਾ ਦੇ ਨਾਲਿ ਭਲਿਆਈ ਕਰਨ ਦੀ ਹੀ ਹੁੰਦੀ ਹੈ। ਦੂਜੇ ਓਹਨਾਂ ਦਾ ਤੇਜ ਪਰਤਾਪ ਹੀ ਐਸਾ ਹੁੰਦਾ ਹੈ। ਓਹਨਾਂ ਉਪਰ ਮਾਲਕ ਦੀ ਮਿਹਰੰਮਤ ਅਤੇ ਫਜ਼ਲ ਕਰੰਮੜਾ ਨਦਰਾਰਾ ਹੁੰਦਾ ਹੈ। ਤਾਂਹੀ ਤੇ ਓਹਨਾਂ ਉਪਰ "ਅਚਿੰਤ ਹਮਾਰੈ ਬੈਰੀ ਮੀਤਾ" ਵਾਲੀ ਬਿਵਸਥਾ ਘਟਦੀ ਹੈ। "ਅਚਿੰਤੋ ਹੀ ਇਹੁ ਮਨੁ ਵਸਿ ਕੀਤਾ" ਵਾਲਾ ਕਰਮ ਫਜ਼ਲ ਭੀ ਤ੍ਰਿਨਾ ਉਪਰਿ "ਮਨੁ ਬਸਿ ਆਵੈ ਨਾਨਕਾ ਜੇ ਪੂਰਨ ਕਿਰਪਾ ਹੋਇ" ਵਾਲੇ ਗੁਰਵਾਕ ਦਾ ਭਾਵ ਆਇਦ ਹੁੰਦਾ ਹੈ। ਸਚਮੁਚ ਪੂਰਨ ਕਰੰਮ ਜਿਨ੍ਹਾਂ ਫਜ਼ਲਾ ਪਾਤਰਾਂ ਤੇ ਹੁੰਦੀ ਹੈ ਤਿਨਾਂ ਦਾ ਮਨ ਹੀ ਵਸਿ ਆਉਂਦਾ ਹੈ। ਸਰਬ ਪਰਕਾਰ ਦੀ ਚਿੰਤਾ ਤੋਂ ਅਚਿੰਤ ਕਰਨ ਲਈ ਅਚਿੰਤੇ ਹੀ ਪ੍ਰਭੂ ਪਰਮਾਤਮਾ ਅਪਣੇ ਅਨਿੰਨ ਦਾਸ ਜਨ ਲਈ ਦਿਲਾਸਾ ਰੂਪ ਹੋ ਜਾਂਦਾ ਹੈ। ਭਗਤ ਜਨਾਂ ਦਾ ਭਰਵਾਸਾ ਬਣ ਜਾਂਦਾ ਹੈ, ਕਿਉਂਕਿ ਜਦੋਂ ਵਾਹਿਗੁਰੂ ਦਿਲਾਸਾ ਰੂਪ ਆਸਰਾ ਪਰਨਾ ਬਣ ਜਾਂਦਾ ਹੈ, ਫੇਰ ਅਚਿੰਤੇ ਹੀ ਉਹ ਓਹਨਾਂ ਦੀਆਂ ਸਾਰੀਆਂ ਆਸਾਂ ਪੂਰਨ ਹਾਰਾ ਬਣ ਜਾਂਦਾ ਹੈ। ਪਤਾ ਨਹੀਂ ਲਗਦਾ ਜਦੋਂ ਆਸਾ ਪੂਰਨ ਹੋ ਜਾਂਦੀ ਹੈ। ਆਸਾ ਵੰਤਿਆਂ ਦੀ ਤਾਂ ਇਕੋ ਦਰਸਨ ਦੀ ਆਸਾ ਹੁੰਦੀ ਹੈ ਜਦੋਂ ਇਹ ਪੂਰਨ ਹੋ ਜਾਂਦੀ ਹੈ ਅਤੇ ਦਰਸਨ ਮਈ ਵਿਚਿ ਵਿਚਰੀਦਾ ਹੈ। ਤਦੋਂ ਆਸਾ ਮਈ ਸੁਤੇ ਸੰਕਲਪ ਓਹਨਾਂ ਦੇ ਸੰਪੂਰਨ ਹੋ ਜਾਂਦੇ ਹਨ। ਸੰਕਲਪ ਮਾਤਰ ਵਿਚਿ ਸਹਜ ਸਫੁਰਨ ਹੋਈ ਆਸਾ ਭੀ ਅਚਿੰਤੋਂ ਹੀ ਪੂਰਨ ਹੋ ਜਾਂਦੀ ਹੈ। ਦਰਸਨ ਦਰਸੰਤੇ ਕਰਮ ਵੰਤਿਆਂ ਨੂੰ ਆਸਾ ਮਈ ਸੰਕਲਪ ਭੀ ਸ਼ੁਭ ਸੰਕਲਪ ਆਸਾ ਵਾਲਾ ਸਫੁਰਨ ਹੁੰਦਾ ਹੈ। ਜਿਸ ਦੇ ਅਖੀ ਫੇਰ ਵਿਚ ਅਖੀਆਂ ਦੇ ਫਰਕਣ ਮਾਤਰ ਵਿਚਿ ਪੂਰਨ ਹੋਣ ਵਿਚਿ ਬਿਲਮ ਨਹੀਂ ਲਗਦੀ, ਨਦਰਵੰਤੇ ਗੁਰਸਿਖਾਂ ਨੂੰ ਅਚਿੰਤ ਦਾਤਿ ਜਦ ਮਿਲਦੀ ਹੈ ਤਾਂ ਓਹਨਾਂ ਨੂੰ ਸਗਲ ਸਿਧਾਂਤ ਗੂੜ ਤੋਂ ਗੂੜ ਭਾਵ ਮਈ ਸਿਧਾਂਤ ਸੁਤੇ ਹੀ ਫੁਰਿ ਆਉਂਦੇ ਹਨ। ਉਹ ਗੋਹਜ ਸਿਧਾਂਤ ਦਾ ਤੱਤ ਵੇਤਾ ਭਾਵ ਵਿਆਖੇਤਾ ਹੋ ਜਾਂਦਾ ਹੈ। ਵਾਹਿਗੁਰੂ ਦੀ ਕਰਮ ਕ੍ਰਿਸਮਾਣੀ ਨਦਰ ਨਾਲਿ ਕਰਮ ਵੰਤੇ ਗੁਰਮੁਖਾਂ ਅਨਿੰਨ ਦਾਸਰਿਆਂ ਦੇ ਸਾਰੇ ਹੀ ਅਗਿਆਨ ਮਈ ਅੰਧੇਰ ਮਿਟ ਜਾਂਦੇ ਹਨ। ਗੁਰਮਤਿ ਗਿਆਨ ਚਾਨਣਾ ਹੋਣ ਕਰਿ ਓਹਨਾਂ ਦੀ ਤਾਤ ਪਰਾਈ ਸਭ ਵਿਸਰ ਜਾਂਦੀ ਹੈ। ਓਹਨਾਂ ਦੀ ਸਗਲ ਸੰਗ ਹੀ ਬਣ ਆਉਂਦੀ ਹੈ, ਕਿਉਂਕਿ ਓਹਨਾਂ ਦਾ ਨਾ ਕੋਈ ਬੈਰੀ ਰਹਿੰਦਾ ਹੈ ਨਾ ਬਿਗਾਨਾ ਓਹਨਾਂ ਨੂੰ ਨਜ਼ਰ ਆਉਂਦਾ ਹੈ ਫੇਰ "ਅਚਿੰਤ ਹਮਾਰੇ ਬਿਨਸੇ ਬੈਰ" ਰੂਪੀ ਉਪਰਲੇ ਗੁਰਵਾਕ ਦੀ ਏਸ ਤੁਕ ਦੇ ਭਾਵ ਅਨੁਸਾਰ ਓਹਨਾਂ ਦੇ ਬੈਰ ਭਾਵ ਵਾਲੇ ਸੰਸਕਾਰ ਹੀ ਬਿਨਸ ਜਾਂਦੇ ਹਨ। ਕੀਰਤਨ ਰਸ ਦੀ ਮਿਠਾਸ ਓਹਨਾਂ ਨੂੰ ਦਿਨੋ ਦਿਨ ਹੋਰ ਤੇ ਹੋਰ ਵਧੇਰੇ ਵਧੇਰੇ ਰਸ ਮੀਠੀ ਅਤੇ ਅੰਮ੍ਰਿਤ ਸੁਆਦ ਅਨੰਦ ਵਾਲੀ ਲਗਣ ਲਗ ਜਾਂਦੀ ਹੈ। ਇਸ ਅੱਤ ਰਸ ਮੀਠੇ ਕੀਰਤਨ ਦੇ ਜੋਤਿ ਵਿਗਾਸ ਹੁਲਾਸ ਕਰਿ ਪਰਮਾਤਮ ਜੋਤ ਦਰਸਨ ਝਾਕਾ ਅਤ ਨਿਖਰਵਾਂ ਹਰ ਘਟਿ ਅੰਦਰਿ ਘਟ ਘਟ ਅੰਦਰਿ ਪਰਤਖ ਹੋਣ ਲਗ ਪੈਂਦਾਂ ਹੈ। ਐਥੋਂ ਤਾਈਂ ਕਿ ਆਪੇ ਅਤੇ ਪਰਮਾਤਮ ਸਿੰਞਾਪੇ ਵਿਚਿ ਕੋਈ ਭਰਮ ਭੇਦ ਨਹੀਂ ਰਹਿੰਦਾ। ਇਕ ਮਿਕਤਾ ਹੋਣ ਕਰਿ ਆਤਮ ਪਰਮਾਤਮਾ ਦੀ ਜੋਤਿ ਜੋਤਿੰਦਰਾ ਹੋਣ ਕਰਿ ਸਗਲੇ ਕਰਮਾਂ ਦੀ ਮਿਟ ਮਿਟਾਈ ਹੋ ਜਾਂਦੀ ਹੈ। ਇਹ ਕਰਮ ਫਜ਼ਲਾਣੀ ਬਚਿਤਰ ਕ੍ਰਿਸ਼ਮਾ ਹੈ ਅਤੇ ਅਚਿੰਤਰ ਦਾਤਿ ਮਮਾ ਹੈ। ਇਸ ਅਚਿੰਤਰ ਦਾਤਿਸਮੇ ਬਚਿਤਰ ਕ੍ਰਿਸ਼ਮੇ ਦੀ ਕ੍ਰਿਸਮਨ ਕਲਾ ਦੇ ਤੁਫੈਲ ਪਰਮਾਤਮ-ਆਨੰਦੀ ਸੁਖ ਸਹਜ ਸਾਗਰ ਵਿਚਿ ਤ੍ਰਿਬੁਡਤ ਅਸਥਿਰਤਾ ਹੁੰਦੀ ਹੈ। ਅਭਿਆਸੀ ਜਨ ਦੇ ਅਨਹਦ ਬਾਜੇ ਜਦੋਂ ਬਜਣ ਲਗਦੇ ਹਨ ਤਦੋਂ ਭੀ ਇਹ ਅਚਿੰਤੇ ਹੀ ਬਜਣੇ ਸ਼ੁਰੂ ਹੁੰਦੇ ਹਨ। ਅਭਿਆਸੀ ਜਨ ਨੂੰ ਪਤਾ ਹੀ ਨਹੀਂ ਲਗਦਾ, ਅਭਿਆਸ ਮਸਤੀਸਰਾਂ ਦੀਆਂ ਸੁਰਤਿ ਤ੍ਰੰਗੀ ਤਣਾਵਾਂ ਤਾਂ ਸੁਰਤਿ ਅਨੰਦ ਮਸਤੀ ਵਿਚਿ ਖਿੱਚੀਆਂ ਰਹਿੰਦੀਆਂ ਹਨ। ਸ਼ਬਦ ਸੁਰਤੀਸਰੀ ਸਾਹਿਬ ਸਚਾ ਦਾਤਾਰ ਤੁਠਕੇ ਅਚਿੰਤੇ ਹੀ ਅਨਹਦ ਬਾਜਿਆਂ ਦੀ ਮੁਰਲੀ ਬਜਾਇ ਦੇਂਦਾ ਹੈ ਜੋ ਸੁਰਤੇ ਜਨ ਦੇ ਦਸਮ ਅੰਦਰਿ ਸੁਤੇ ਸੁਭਾਵ ਹੀ ਵਜਣ ਲਗ ਪੈਂਦੀ ਹੈ। ਤਦ ਪਸਚਾਤ ਦਸਮ ਦੁਆਰ ਵਿਖੇ ਹੀ ਗੋਬਿੰਦ ਦੇ ਪਰਗਟ ਨੀਸਾਨੀ ਗੂੰਜ ਗਜਣ ਲਗ ਪੈਂਦੀ ਹੈ। ਗੋਬਿੰਦ ਨਗਾਰੇ ਦੀ ਇਹ ਗੂੰਜ ਅਤ ਸੁਰੀਲੀ ਅਤੇ ਮਸਤੀਲੀ ਹੁੰਦੀ ਹੈ। ਜੋ ਅਭਿਆਸੀ



www.AKJ.Org

ਜਨ ਦੀ ਸੁਰਤੀ ਨੂੰ ਤਦਾਕਾਰ ਵਾਹਿਗੁਰੂ ਦੇ ਚਰਨਾ ਵਿਚਿ ਜੋੜੀ ਰੱਖਦੀ ਹੈ। ਹੋਰ ਪਾਸੇ ਮੋੜੀ ਮੁੜਦੀ ਨਹੀਂ। ਏਥੇ ਪੁਜ ਕੇ ਹੀ "ਅਚਿੰਤ ਹਮਾਰੈ ਮਨੁ ਪਤੀਆਨਾ।। ਨਿਹਚਲ ਧਨੀ ਅਚਿੰਤੁ ਪਛਾਨਾ" ਗੁਰਵਾਕ ਦੇ ਭਾਵ ਵਾਲੀ ਨਿਹਚਲ ਪਤਿਆਣੀ ਪਛਾਣ ਧਣੀ ਗੋਵਿੰਦ ਦੀ ਆਉਂਦੀ ਹੈ। ਜਿਸ ਨੂੰ ਪੇਖ ਪਛਾਣ ਕੇ ਮਨਿ ਵਿਗਸ ਵਿਗਸ ਕੇ ਪਤੀਜਦਾ ਹੈ ਅਤੇ ਅਨੰਦ ਵਿਗਸਾਉ ਵਿਚਿ ਡੁਲਿ ਡੁਲਿ ਪੈਂਦਾ ਹੈ। ਇਹ ਅਤ ਅਨੂਪਮੀ ਬਿਵਸਥਾ ਭੀ ਨਿਹਚਲ ਧਣੀ ਗੋਵਿੰਦ ਜੀ ਕਾਮੁਲ ਕਰੀਮ ਕਮਾਲੁਲ ਰਹੀਮ ਦੀ ਅਚਿੰਤ ਦਾਤਿ ਹੈ। ਤਤ ਜਾਣ ਪਛਾਣ ਵਾਲਾ ਪਰਚੰਡ ਬਿਬੇਕ ਗਿਆਨ ਏਥੇ ਹੀ ਉਪਜਦਾ ਹੈ ਅਤੇ ਅਚਿੰਤੇ ਹੀ ਉਪਜਦਾ ਹੈ। ਏਕੋ ਅਕਾਲ ਪੁਰਖ ਦੀ ਸਚੀ ਟੇਕ ਬਿਬੇਕੀ ਸ਼ਗਲ ਬਿਬੇਕ ਟੇਕੀ ਸਦਾ ਦਰਸ ਪਰਸਨੀ ਪਾਰਸ ਵਸਤੂ ਅਚਿੰਤੇ ਹੀ ਆ ਹਥਿ ਚੜਦੀ ਹੈ। ਇਹ ਅਤ ਵਡ ਭਾਗਾ ਧੁਰ ਦਾ ਲੇਖੁ ਪ੍ਰਭੂ ਪਰਮਾਤਮਾ ਅਚਿੰਤੇ ਹੀ ਅਪਣੇ ਫਜ਼ਲ ਕਰਮ ਦੁਆਰਾ ਅਪਣੇ ਫਜ਼ਲ ਪਾਤਰੀ ਜਨ ਦੇ ਮਸਤਕ ਉਤੇ ਲਿਖ ਦਿੰਦਾ ਹੈ। ਜਾਂ ਤੇ "ਅਚਿੰਤ ਮਿਲਿਓ ਪ੍ਰਭੁ ਠਾਕੁਰੁ ਏਕੁ" ਦਰਸ ਪਰਸ ਪੁਜਾਰੀ ਨੂੰ ਸਪੇਖਸ਼ ਦਰਸ਼ਨ ਚੁਲੰਭਲੀ ਜੋਤਿ ਜ਼ੂਲ ਜਲਾਲੀ ਹੁਸਨਲ ਜਮਾਲੀ ਇਕੋ ਇਕ ਪੂਜਯ ਪ੍ਰੀਤਮ ਪਰਮਾਤਮਾ ਦੇਵ ਦਾ ਵਸਲ ਵਸਾਲ ਇਉਂ ਅਚਿੰਤੇ ਹੀ ਉਸ ਦੇ ਫਜ਼ਲ ਕਮਾਲ ਦੀ ਬਰਕਤ ਨਾਲਿ ਮਿਲਿਆ ਹੋਇਆ ਹੈ। 'ਅਚਿੰਤ ਪ੍ਰਭੂ ਧੁਰਿ ਲਿਖਿਆ ਲੇਖੁ।। ਅਚਿੰਤ ਮਿਲਿਓ ਪ੍ਰਭੁ ਠਾਕੁਰੁ ਏਕੁ।।' ਵਾਲੀ ਮਿਹਰੰਮਤ ਜਦ ਸੰਪੂਰਨਤਾ ਸਹਿਤ ਆਇ ਨਾਜ਼ਲ ਹੁੰਦੀ ਹੈ ਤਦ "ਚਿੰਤ ਅਚਿੰਤਾ ਸਗਲੀ ਗਈ।। ਪ੍ਰਭ ਨਾਨਕ ਨਾਨਕ ਨਾਨਕ ਮਈ"।। ਦੀ ਧੁੰਨੀ ਵਾਲੇ ਸੋਹਲੇ ਮੇਹਰੰਮਤੀ ਨਦਰਿਸਟਾ ਜਨ ਗਾਉਂਦਾ ਥਕਦਾ ਨਹੀਂ। ਗਾਈ ਜਾਂਦਾ ਹੈ। ਧੰਨ ਪ੍ਰਭੂ ਪਰਮਾਤਮਾ ਰੂਪ ਗੁਰੂ, ਗੁਰੂ ਨਾਨਕ ਧੰਨ ਤੇਰੀ ਦਇਆ ਮਇਆ ਜਿਸ ਦੇ ਮਇਆ ਮਈ ਫਜ਼ਲ (ਕਰਮ) ਦੇ ਨਾਲਿ ਇਹ ਨਿਸਚਲ ਅਬਦੀ ਬਵਸਥਾ ਪ੍ਰਾਪਤਿ ਭਈ, ਅਤੇ ਅਚਿੰਤ ਹੀ ਸਗਲੀ ਚੜੀ ਚਿੰਤਾ ਉਡ ਗਈ। 'ਮਈ' ਦੇ ਅਰਥ ਏਥੇ 'ਮਇਆ' ਮਿਹਰੰਮਤ ਦੇ ਹਨ। ਮਇਆ, ਦਇਆ, ਫਜ਼ਲ ਇਕੋ ਅਰਥ ਵਿਚਿ ਹਨ। ਗੁਰੂ ਨਾਨਕ ਦੀ, ਵਾਹਿਗੁਰੂ ਰੂਪ ਸਤਿਗੁਰੂ ਨਾਨਕ ਦੀ ਖਾਸ ਵਾਹਿਗੁਰੂ ਪ੍ਰਭੂ ਪਰਮਾਤਮਾ ਦੀ ਮਇਆ ਮਿਹਰੰਮਤ ਹੋਈ। ਮਇਆ ਭਈ ਤਾਂ "ਚਿੰਤ ਅਚਿੰਤਾ ਸਗਲੀ ਗਈ" ਗੁਰੂ ਨਾਨਕ ਗੁਰੂ ਕਰਤਾਰ ਮਇਆਵੰਤ ਦਇਆਵੰਤ ਹੋਏ ਦਇਆਲ ਕ੍ਰਿਪਾਲ ਹੋਏ ਪਦ 'ਮਈ' ਦੇ ਮਇਆਫਜ਼ਲ ਵਾਲੇ ਅਰਥ ਹੀ ਇਸ ਗੁਰ ਪੰਗਤੀ ਵਿਚਿ ਹਨ। "ਗੋਬਿੰਦ ਗੋਬਿੰਦ ਗੋਬਿੰਦ ਮਈ" ਵਾਹਿਗੁਰੂ ਦੀ ਫਜ਼ਲ ਕਰੰਮੀ ਮੇਹਰਮੰਤਾ ਤੇ ਸੁਪ੍ਰਸੰਨ ਹੋ ਕੇ ਨਿਹਾਲ ਨਿਹਾਲ ਹੋ ਕੇ ਤਿੰਨ ਵਾਰ ਗੋਬਿੰਦ ਗੋਬਿੰਦ ਗੋਬਿੰਦ ਧੰਨਤਾ ਸਹਿਤ ਉਚਾਰਿਆ ਹੈ। ਜੈਸੇ ਕਿ ਧੰਨਤਾ ਸਹਿਤ ਹੀ ਨਿਹਾਲ ਸੁਪ੍ਰਸੰਨ ਹੋ ਕੇ 'ਨਾਨਕ ਨਾਨਕ ਨਾਨਕ' ਉਚਾਰਿਆ ਗਿਆ ਹੈ। "ਗੋਬਿੰਦ ਗੋਬਿੰਦ ਗੋਬਿੰਦ ਮਈ। ਜਬਤੇ ਭੇਟੇ ਸਾਧ ਦਇਆਰਾ ਤਬ ਤੇ ਦੁਰਮਤਿ ਦੂਰਿ ਭਈ" ਗੋਬਿੰਦ ਵਾਹਿਗੁਰੂ ਦੀ ਦਇਆ ਮਇਆ ਨਾਲਿ ਦਇਆਲੂ ਸਤਿਗੁਰੂ ਰੂਪੀ ਸਾਧ ਦਾ ਭੇਟਨਾ ਹੋਇਆ ਅਤੇ ਜਦੋਂ ਤੋਂ ਗੁਰੂ ਨਾਨਕ ਸਰੂਪਾ ਸਚੇ ਸਾਧੂ ਸਤਿਗੁਰੂ ਦਾ ਧਾਰਨਾ ਨਸੀਬ ਹੋਇਆ ਤਬ ਤੇ ਨਿਗੁਰਾਪਣ ਸਾਕਤ ਪੁਣਾ ਸਭ ਦੂਰਿ ਹੋ ਗਿਆ। ਅਤੇ ਦੁਰਮਤਿ ਮਤਿ ਭੀ ਦੂਰ ਹੋ ਗਈ। ਗੁਰਮਤਿ ਧਾਰਨ ਕਰਨ ਦੇ ਪਰਤਾਪ ਨਾਲਿ।। ਸਿਰੀ ਗੁਰੂ ਗੋਬਿੰਦ ਦੇ ਮਇਆਵੰਤ ਹੋਣ ਦਾ ਫਜ਼ਲ ਕਰੰਮੀ ਫਲ ਅਪਰ ਅਪਾਰ ਹੈ। ਬਖਸ਼ਸ਼, ਰਹਿਮਤ, ਮਿਹਰੰਮਤ, ਫਜ਼ਲ ਦੇ ਲਗ ਭਗੀ ਅਰਥਾਂ ਵਾਲਾ ਅਗਲਾ ਕਾਂਡ ਨਦਰਿ ਕਰਮ ਦਾ ਹੈ ਜੋ ਗੁਰਪ੍ਰਮਾਣਾ ਸਹਿਤ ਗੁਰਮਤਿ ਕਰਮ ਫਿਲਾਸਫੀ ਭਾਵ ਗੁਰਮਤਿ ਸਿਧਾਂਤਨੀ ਕਰਮ ਫਿਲਾਸਫੀ ਵਿਚਿ ਨਿਰਣਤ ਹੋਣਾ ਅਤਿ ਜ਼ਰੂਰੀ ਹੈ।

(ਪੰਨਾ ੩੨ ਦਾ ਬਾਕੀ ...)

**DEVOID OF DIVINE LOVE:**

ੴ ਸਤਿਗੁਰ ਪ੍ਰਸਾਦਿ।।
ਸਲੋਕ ਸੇਖ ਫਰੀਦ ਕੇ।।(੧੩੭੯)
ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ।।
ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ
ਸੋ ਤਨੁ ਜਾਣੁ ਮਸਾਨੁ।।੩੬।।

People talk of love-sickness as an affliction. However sweet and welcome is the pain of Divine-Love. O, Farida! The one who does not experience forlornness and yearning for God-Love, is like living dead (spiritually).



www.AKJ.Org

## ਇਕ ਅਮਰੀਕਨ ਸਿੱਖ ਨਾਲ ਸਵਾਲ ਜਵਾਬ

ਸਵਾਲ:- ਭਾਈ ਸਾਹਿਬ ਜੀ, ਆਪ ਦੋ ਸਾਲ ਤੋਂ ਗੁਰਦੁਆਰਾ ਸਾਹਿਬ ਵਿੱਚ ਬੱਚਿਆਂ ਨੂੰ ਗੁਰਮੁਖੀ ਸਿਖਾਉਣ ਦੀ ਸੇਵਾ ਦਾ ਉਪਰਾਲਾ ਕਰ ਰਹੇ ਹੋ, ਆਪ ਜੀ ਦਾ ਕਲਾਸ ਵਿਚ ਕੰਪਿਊਟਰ ਇਸਤੇਮਾਲ ਕਰਨ ਬਾਰੇ ਕੀ ਵਿਚਾਰ ਹੈ?

ਜਵਾਬ:- ਮੈਂ ਬਿਲਕੁਲ ਇਸ ਨਾਲ ਸਹਿਮਤ ਨਹੀਂ।

ਸਵਾਲ:- ਭਾਈ ਸਾਹਿਬ, ਇਸ ਤਰ੍ਹਾਂ ਮਹਿਸੂਸ ਹੁੰਦਾ ਹੈ ਕਿ ਆਪ ਜੀ ਸੋਲ੍ਹਵੀਂ ਸਦੀ ਵਿਚ ਰਹਿ ਰਹੇ ਹੋ।

ਜਵਾਬ:- ਮੈਂ ਨਾ ਹੀ ਸੋਲ੍ਹਵੀਂ ਸਦੀ ਵਿਚ ਰਹਿ ਰਿਹਾ ਹਾਂ ਅਤੇ ਨਾ ਹੀ ਆਉਣ ਵਾਲੀ ਸਦੀ ਦੀਆਂ ਆਕਾਸ਼ ਉਡਾਰੀਆਂ ਮਾਰ ਰਿਹਾ ਹਾਂ।

ਸਵਾਲ:- ਭਾਈ ਸਾਹਿਬ ਜੀ, ਫਿਰ ਆਪ ਕੀ ਕਰ ਰਹੇ ਹੋ ?

ਜਵਾਬ:- ਮੈਂ ਇਹ ਉਪਰਾਲਾ ਕਰ ਰਿਹਾ ਹਾਂ ਕਿ ਸਿੱਖ ਨੂੰ ਆਪਣੇ ਮੁਢਲੇ ਅਸੂਲਾਂ ਤੋਂ ਦੂਰ ਨਾ ਜਾਣ ਦਿੱਤਾ ਜਾਵੇ। ਮੇਰੀ ਸਮਝ ਅਨੁਸਾਰ ਸੇਵਾ ਸਿਮਰਨ, ਗਿਆਨ ਤੋਂ ਪਹਿਲਾਂ ਬੱਚੇ ਦੀ ਝੋਲੀ ਵਿਚ ਪਾਉਣਾ ਚਾਹੀਦਾ ਹੈ। ਇਹ ਦੋ ਵਸਤਾਂ ਭਾਉ ਤੇ ਚਾਉ ਨਾਲ ਜੇ ਗੁਰੂ ਮਿਹਰ ਕਰੇ ਤਾਂ ਵਡਭਾਗੀ ਬੱਚੇ ਨੂੰ ਪ੍ਰਾਪਤ ਹੋ ਸਕਦੀਆਂ ਹਨ। ਸੋ ਇਸ ਗੱਲ ਨੂੰ ਮੁੱਖ ਰਖ ਕੇ ੳ ਅ ਤੋਂ ਲੈ ਕੇ ਪੰਜ ਬਾਣੀਆਂ ਨੂੰ ਪੜ੍ਹਨਾ ਲਿਖਣਾ ਤੇ ਇਸਦੀ ਪਕਿਆਈ ਕਰਨੀ ਤੇ ਫਿਰ ਜੋ ਇਨ੍ਹਾਂ ਤੋਂ ਉਪਦੇਸ਼ ਮਿਲਦਾ ਹੈ ਉਸ ਨਾਲ ਆਪਣੇ ਜੀਵਨ ਵਿਚ ਤਬਦੀਲੀ ਲਿਆਉਣੀ, ਬੱਸ ਇਥੋਂ ਤੱਕ ਹੀ ਦਾਸ ਦਾ ਨਿਸ਼ਾਨਾ ਹੈ।

•••••••

## ਸਾਬਤ ਸੂਰਤਿ ਦਸਤਾਰ ਸਿਰਾ

(ਨਰਿੰਦਰ ਕੌਰ ਫੇਰੋਚੇਚੀ, ਗੁਰਦਾਸਪੁਰ)

ਸਾਬਤ ਸੂਰਤਿ ਦਸਤਾਰ ਸਿਰਾ, ਇਹੋ ਹੀ ਗਹਿਣਾ ਨੀ।
ਫੈਸ਼ਨਾਂ ਦੀ ਪੱਟੀ ਦੁਨੀਆਂ, ਧੋਖਾ ਇਸ ਤੋਂ ਖਾਣਾ ਨਹੀਂ।
ਝੁਮਕੇ ਨੱਥਾਂ ਛੱਲੇ ਲਾਹ, ਨਾਮ ਬਾਣੀ ਦਾ ਰੰਗ ਲਾਉਣਾ ਨੀ।
ਦੁਪੱਟਾ ਸਿਰ ਤੋਂ ਲਹਿ ਲਹਿ ਪੈਂਦਾ, ਘੱਟਾ ਮਿੱਟੀ ਸਿਰ ਪਾਉਣਾ ਨਹੀਂ।
ਕੇਸਾਂ ਦੀ ਸੰਭਾਲ ਲਈ, ਦਸਤਾਰ ਨੂੰ ਸਜਾਉਣਾ ਨੀ।

ਕੇਸਕੀ ਤਾ ਸਿਰ ਦਾ ਤਾਜ ਹੈ, ਕਦਰ ਇਸ ਦੀ ਪਾਉਣਾ ਨੀ।
ਗੁਰੂ ਜੀ ਦਿੱਤੀ ਦਸਤਾਰ ਹੈ, ਖਿੜੇ ਮੱਥੇ ਇਸ ਨੂੰ ਸਜਾਉਣਾ ਨੀ।
ਜਨਮ ਹੀਰਾ ਅਮੋਲਕ ਮਿਲਿਆ ਨਾਮ ਬਾਣੀ ਵੱਲ ਲਾਉਣਾ ਨੀ।
ਕਛ, ਕੜਾ, ਕੰਘਾ, ਕ੍ਰਿਪਾਨ, ਕੇਸਕੀ, ਰਹਿਤ ਇਸ ਨੂੰ ਅਪਣਾਉਣਾ ਨੀ।
ਦਸਤਾਰ ਨਾਲ ਸਰਦਾਰੀ ਮਿਲਦੀ, ਰੁਤਬੇ ਉੱਚੇ ਨੂੰ ਪਾਉਣਾ ਨੀ।
ਕੇਸਾਂ ਦੀ ਸੰਭਾਲ ਲਈ, ਦਸਤਾਰ ਨੂੰ ਸਜਾਉਣਾ ਨੀ।

ਸਾਬਤ ਸੂਰਤਿ ਰੱਬ ਦੀ, ਭੰਨਦੇ ਬੇਈਮਾਨ ਜੇ।
ਦਰਗਹ ਢੋਈ ਨਹੀਂ ਮਿਲਦੀ, ਰੋ ਰੋ ਪਾਉਂਦੇ ਵੈਣ ਜੇ।
ਕਿਰਤ ਵਿਰਤ ਧਰਮ ਦੀ ਕਰ, ਜੀਵਨ ਸਫਲ ਬਣਾਉਣਾ ਜੇ।
ਕੱਚੇ ਧੰਨ, ਮੈਂ-ਮੇਰੀ ਨੂੰ ਛੱਡ, ਵਾਹਿਗੁਰੂ ਵਾਹਿਗੁਰੂ ਧਿਆਉਣਾ ਜੇ।
ਦੁਨਿਆਵੀ ਹਾਰ ਸ਼ਿੰਗਾਰ ਲਾਹ, ਜੀਵਨ ਸਫਲ ਬਣਾਉਣਾ ਜੇ।

ਕੇਸਾਂ ਦੀ ਸੰਭਾਲ ਲਈ, ਦਸਤਾਰ ਨੂੰ ਸਜਾਉਣਾ ਜੇ ।
ਕੇਸਾਂ ਦੀ ਸੰਭਾਲ ਲਈ, ਦਸਤਾਰ ਨੂੰ ਸਜਾਉਣਾ ਜੇ।


www.AKJ.Org

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਲੜੀਵਾਰ ਸਰੂਪ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ, ਇਸ ਜੁਗ ਦੇ ਅਵਤਾਰ ਗੁਰੂ ਨਾਨਕ ਸਾਹਿਬ ਜੀ ਦੀ ਗੱਦੀ ਦੇ ਮਾਲਕ ਜਗਤ ਗੁਰੂ ਹਨ। ਸਾਡੇ ਜੀਵਨ ਦੇ ਸਾਰੇ ਸੰਸਕਾਰ, ਜਨਮ, ਵਿਆਹ, ਮਰਨ, ਆਦਿ ਸਾਰੇ ਇਹ ਕਰੌਦੇ ਹਨ। ਜੀਵਨ ਦੇ ਹਰ ਪਹਿਲੂ ਦੀ ਅਗਵਾਈ ਰਹਿਨੁਮਾਈ ਸਹੀ ਸਹੀ ਕਰਦੇ ਹਨ। ਸਧਾਰਨ ਮਨੁੱਖ ਤੋਂ ਪੂਰਨ ਮਨੁੱਖ ਬਨਾ ਦਿੰਦੇ ਹਨ। ਹਰ ਰੋਜ਼ ਅਸੀ ਕੰਮ ਧੰਦਾ ਸ਼ੁਰੂ ਕਰਨ ਤੋਂ ਪਹਿਲਾ ਇਹਨਾਂ ਦੀ ਹਜ਼ੂਰੀ ਵਿਚ ਆ ਕੇ ਅਰਦਾਸ ਕਰਕੇ ਇਹਨਾਂ ਦਾ ਹੁਕਮ ਲੈਂਦੇ ਹਾਂ। ਸਾਡਾ ਸਾਰਿਆ ਦਾ ਫਰਜ਼ ਬਨਦਾ ਹੈ, ਜੋ ਗੁਰਬਾਣੀ ਦਾ ਧੁਰੰਧਰੀ ਸਰੂਪ ਲੜੀਵਾਰ ਹੈ, ਉਸ ਨੂੰ ਕਾਇਮ ਰਖੀਏ। ਬਾਣੀ ਦਾ ਪਦ-ਛੇਦ ਕਰਕੇ ਸਰੂਪ ਜੋ ਛਪਵਾਏ ਜਾਂਦੇ ਹਨ। ਇਹਨਾਂ ਨੂੰ ਰੋਕਣ ਦਾ ਯਤਨ ਕਰੀਏ। ਗੁਰੂ ਗੋਬਿੰਦ ਸਿੰਘ ਜੀ ਨੇ ਜੋਤੀ ਜੋਤਿ ਸਮਾਉਣ ਸਮੇਂ ਗੁਰੂ ਗ੍ਰੰਥ ਸਾਹਿਬ ਨੂੰ ਮੱਥਾ ਟੇਕਿਆ ਤੇ ਅਪਨੇ ਪੰਥ ਨੂੰ ਹੁਕਮ ਕੀਤਾ ਅੱਗੇ ਨੂੰ ਇਹਨਾਂ ਨੂੰ ਗੁਰੂ ਮੰਨਣਾ ਹੈ, ਏਹੀ ਗੁਰ ਗੱਦੀ ਦੇ ਜੁਗੋ-ਜੁਗ ਅਟਲ ਮਾਲਕ ਹੋਣਗੇ।

ਜਿਸ ਸਰੂਪ (ਬੀੜ) ਨੂੰ ਗੱਦੀ ਸਉਪੀ ਉਹ ਸਰੂਪ ਲੜੀਵਾਰ ਸੀ। ਗੁਰੂ ਅਰਜਨ ਸਾਹਿਬ ਜੀ ਨੇ ਜੋ ਪਹਿਲੀ ਬੀੜ ਤਿਆਰ ਕੀਤੀ ਸੀ ਉਹ ਲੜੀਵਾਰ ਜੁੜਤ ਅੱਖਰਾਂ ਦਾ ਹੀ ਸਰੂਪ ਹੈ। ਉਸ ਤੋਂ ਮਗਰੋਂ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਦੇ ਜਿਤਨੇ ਭੀ ਹੱਥ ਲਿਖਤ ਉਤਾਰੇ ਹੋਏ ਸਭ ਲੜੀਵਾਰ ਹਨ। ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਨੇ ਦਮਦਮਾ ਸਾਹਿਬ ਜੋ ਬੀੜ ਭਾਈ ਮਨੀ ਸਿੰਘ ਜੀ, ਭਾਈ ਗੁਰਦਾਸ ਜੀ ਤੋਂ ਲਿਖਵਾਈ, ਉਹ ਲੜੀਵਾਰ ਸੀ ਉਸ ਤੋਂ ਉਪਰੰਤ ਜੋ ਚਾਰ, ਬੀੜਾ ਦੇ ਉਤਾਰੇ ਬਾਬਾ ਦੀਪ ਸਿੰਘ ਜੀ ਨੇ ਉਸ ਬੀੜ ਤੋਂ ਤਿਆਰ ਕੀਤੇ ਉਹ ਸਭ ਲੜੀਵਾਰ ਸੀ। ਜੁਗੋ ਜੁਗ ਅਟੱਲ ਲੜੀਵਾਰ ਬਾਣੀ ਪਰੰਪਰਾ ਢਾਈ ਸੌ ਸਾਲ ਤੋਂ ਕਾਇਮ ਹੈ, ਹੱਥ ਲਿਖਤ ਕੋਈ ਬੀੜ ਪਦ ਛੇਦ ਕਰਕੇ ਅਜ ਤੱਕ ਨਹੀਂ ਲਿਖੀ ਗਈ। ਸਭ ਲੜੀਵਾਰ ਸਰੂਪ ਦੇ ਹੀ ਦਰਸ਼ਨ ਹੁੰਦੇ ਹਨ। ਉਸ ਤੋਂ ਮਗਰੋਂ ਜਦੋਂ ਪਰਿੰਟਿੰਗ ਪ੍ਰੈਸ ਪ੍ਰਚਲਤ ਹੋਇਆ ਉਹਨਾਂ ਵਿਚ ਭੀ ੧੯੫੦ ਤਕ ਲੜੀਵਾਰ ਸਰੂਪ ਹੀ ਛਪਦੇ ਰਹੇ। ਬਲਕੇ ਚੀਫ ਖਾਲਸਾ ਦੀਵਾਨ ਨੇ ੧/੧/੧੯੪੫ ਨੂੰ ਮਤਾ ਨੰ: ੨੬੮੨ ਪਾਸ ਕੀਤਾ। (ਪਦ ਛੇਦ ਸਰੂਪ ਛਾਪਨੇ ਪੰਥ ਲਈ ਹਾਨੀ ਕਾਰਕ ਹਨ ਇਸ ਦਾ ਪ੍ਰਕਾਸ਼ ਕਰਨਾ ਜਾਇਜ਼ ਨਹੀਂ।)

ਸ਼੍ਰੋਮਣੀ ਕਮੇਟੀ ਨੇ ਆਪਨੇ ਮਤਾ ਨੰ: ੭ ਮਿਤੀ ੧/੧/੧੯੫੦ ਨੂੰ ਪਾਸ ਕੀਤਾ, ਕਿ ਜਿੰਨਾ ਚਿਰ ਸਮੁੱਚਾ ਪੰਥ ਫੈਸਲਾ ਨਾ ਕਰੇ ਕੋਈ ਸਭਾ ਸੁਸਾਇਟੀ ਪਦ-ਛੇਦ ਬੀੜ ਨਾ ਛਾਪੇ। ਉਸ ਤੋਂ ਮਗਰੋਂ ਕਮੇਟੀ ਨੇ ਬਿਨਾ ਪੰਥ ਦੇ ਕੱਠ ਬੁਲਾਏ ਆਪ ਹੀ ਇਹਨਾ ਮਤਿਆਂ ਦੀ ਉਲੰਘਣਾ ਕਰਕੇ ਪਦ ਛੇਦ ਸਰੂਪ ਅਪਨੇ ਪ੍ਰੈਸ ਵਿਚ ਛਪੌਣੇ ਸ਼ੁਰੂ ਕਰ ਦਿੱਤੇ ਤੇ ਦੁਕਾਨਦਾਰਾਂ ਨੂੰ ਭੀ ਨਹੀਂ ਰੋਕਿਆ ਜੋ ਪਦ-ਛੇਦ ਸਰੂਪ ਬੀੜਾ ਛਪੌਂਦੇ ਭੀ ਹਨ ਤੇ ਬਜ਼ਾਰਾਂ ਵਿਚ ਬਿਕਰੀ ਭੀ ਕਰ ਰਹੇ ਹਨ।

ਜਦੋਂ ਗੁਰੂ ਗ੍ਰੰਥ ਸਾਹਿਬ ਜੁਗੋ ਜੁਗ ਅਟੱਲ ਹਨ, ਫਿਰ ਲੜੀਵਾਰ ਧੁਰ ਕੀ ਬਾਣੀ ਦੀ ਲੜੀ ਕਿਵੇਂ ਜੁਗੋ ਜੁਗ ਅਟੱਲ ਨਹੀ ? ਇਸ ਵਿਚ ਕੋਈ ਬਦਲੀ ਜ਼ਾਂ ਪਦ ਨਿਖੇੜ ਕਰਨ ਦਾ ਇਸ ਮਾਤ ਲੋਕ ਦੇ ਕਿਸੇ ਅੱਜ ਦੇ ਪ੍ਰਾਣੀ ਨੂੰ ਕੋਈ ਅਧਿਕਾਰ ਨਹੀਂ, ਭਾਵੇ ਉਹ ਵੱਡੀ ਤੋਂ ਵਡੀ ਸੰਸਥਾ ਕਿਉਂ ਨਾ ਹੋਵੇ। ਕਿਉਂਕਿ ਗੁਰੂ ਗ੍ਰੰਥ ਸਾਹਿਬ ਜੀ ਸੱਮੁਚੇ ਪੰਥ ਦੇ ਇਸ਼ਟ ਹਨ। ਪਰ ਸ਼੍ਰੋਮਣੀ ਕਮੇਟੀ ਸਮੁੱਚਾ ਪੰਥ ਨਹੀਂ। ਇਸ ਲਈ ਕਮੇਟੀ ਨੂੰ ਪਦ-ਛੇਦ ਸਰੂਪ ਛਪੌਣੇ ਤੁਰੰਤ ਬੰਦ ਕਰਨੇ ਚਾਹੀਦੇ ਹਨ ਤੇ ਦੁਕਾਨਦਾਰਾਂ ਨੂੰ ਭੀ ਆਦੇਸ਼ ਕਰਨਾ ਚਾਹੀਦਾ ਹੈ, ਕਿ ਉਹ ਭੀ ਪਦ-ਛੇਦ ਸਰੂਪ ਛਪੌਣੇ ਬੰਦ ਕਰਨ ਤੇ ਬਜ਼ਾਰਾਂ ਵਿਚ ਬਿਕਰੀ ਬੰਦ ਕਰਨ ਤਾਂਕਿ ਜੋ ਲੜੀਵਾਰ ਬਾਣੀ ਦੀ ਧੁਰੋਂ ਅਕਾਲ ਪੁਰਖ ਨੇ ਪਰੰਪਰਾ ਕਾਇਮ ਕੀਤੀ ਹੈ ਉਹ ਜੁਗੋ ਜੁਗ ਅਟੱਲ ਰਹੇ। (ਜੋਰ ਸਿੰਘ, ਅੰਮ੍ਰਿਤਸਰ)

(ਪੰਨਾ ੨੭ ਦਾ ਬਾਕੀ )

ਹਾਂ। ਸਾਰਾ ਕਹਿਣ ਤੋਂ ਬਾਅਦ ਜਦੋਂ ਹਿਰਦਾ ਕੰਬ ਉਠਦਾ ਹੈ, ਤਾਂ ਇਹੋ ਅਰਦਾਸ ਨਿਕਲਣੀ ਚਾਹੀਦੀ ਹੈ ਕਿ ਹੇ ਮਨੁੱਖਤਾ ਦੇ ਰਾਖੇ ਗੁਰੂ ਨਾਨਕ ਸਚੇ ਪਾਤਸ਼ਾਹ ਇਲਮਾਂ ਤੇ ਅਕਲਾਂ ਨਾਲ ਤੇਰੀ ਮਹਿਮਾ ਨਹੀਂ ਗਾਈ ਜਾ ਸਕਦੀ ਹੈ ,ਆਪਣੀ ਰਹਿਮਤ ਕਰ, ਬਖਸ਼ਸ਼ ਕਰ ਕਿ ਸੜਦਾ ਬਲਦਾ ਸੰਸਾਰ ਮੁੜ ਤੇਰੀ ਗੋਦ ਵਿਚ ਆ ਕੇ ਸਦੀਵੀ ਸੁੱਖ ਪ੍ਰਾਪਤ ਕਰ ਸਕੇ ਅਤੇ " ਏਕ ਪਿਤਾ ਏਕਸ ਕੇ ਹਮ ਬਾਰਕ " ਵਾਲਾ ਤੇਰਾ ਉਪਦੇਸ਼ ਕੇਵਲ ਸਿਰਫ਼ ਗਾਇਆ ਹੀ ਨਹੀਂ ਜੀਵਿਆ ਜਾ ਸਕੇ।

ਜਿਨੀ ਨਾਮੁ ਵਿਸਾਰਿਆ,  
ਕਿਆ ਜਪੁ ਜਾਪਹਿ ਹੋਰਿ।।  
ਬਿਸਟਾ ਅੰਦਰਿ ਕੀਟ ਸੇ ਮੁਠੇ ਧੰਧੈ ਚੋਰਿ।।  
ਨਾਨਕ ਨਾਮੁ ਨ ਵੀਸਰੈ, ਝੂਠੇ ਲਾਲਚ ਹੋਰਿ।।੨।।  
(ਮਾਝ ੩ ਵਾਰ ਸਾਰੰਗ)



www.AKJ.Org

## ਰਿਸ਼ਤੇ ਨਾਤੇ

ਨੋਟ:- 1. ਕੇਵਲ ਕੇਸਕੀ ਧਾਰੀ ਅਤੇ ਸ਼ਾਕਾਹਾਰੀ ਬੱਚਿਆਂ ਦੇ ਰਿਸ਼ਤੇ ਲਈ ਹੀ ਲਿਖੋ ਜੀ। 2. ਇਸ ਕਾਲਮ ਵਿਚ ਛਪਵਾਉਣ ਲਈ ਆਪਣੇ ਅਤੇ ਪਰਿਵਾਰ ਬਾਰੇ ਪੂਰਾ ਵੇਰਵਾ ਸਾਫ਼ ਸਪਸ਼ਟ ਲਿਖ ਕੇ ਸੂਰਾ ਦਫਤਰ ਭੇਜੋ ਜੀ। 3. ਕਿਸੇ ਵੀ ਛਪੇ ਇਸ਼ਤਿਹਾਰ ਦੇ ਜਵਾਬੀ ਪੱਤਰ ਦੇ ਨਾਲ ਦੋ ਰੁਪਏ ਦੀ ਟਿਕਟ ਲੱਗਿਆ ਖਾਲੀ ਲਿਫ਼ਾਫਾ ਜ਼ਰੂਰ ਭੇਜੋ ਜੀ।

LD- 147 19 ਸਾਲਾ ਕੱਦ 5', 10+2 ਪਾਸ ਬੀਬੀ ਵਾਸਤੇ ਯੋਗ ਵਰ ਦੀ ਲੋੜ ਹੈ।

LD-148 ਸਾਢੇ 27 ਸਾਲਾ ਕੱਦ 5'5" B.Ed. ਪਬਲਿਕ ਸਕੂਲ, ਟੀਚਰ ਰਹਿਤ ਬਹਿਤ ਵਿੱਚ ਪਰਪੱਕ ਕੀਰਤਨੀ ਬੀਬੀ ਲਈ ਯੋਗ ਵਰ ਦੀ ਲੋੜ ਹੈ।

LD-149 ਸਾਢੇ 25 ਸਾਲਾ ਕੱਦ 5', B.Sc. (nonmedical), B.ED., D.Pharma, M.A. (pbi) ਪਾਸ ਬਿਬੇਕੀ ਪਹਿਰੇ ਵਾਲੀ ਬੀਬੀ ਲਈ ਯੋਗ ਵਰ ਦੀ ਲੋੜ ਹੈ।

LD-150 24 ਸਾਲਾ ਕੱਦ 5'3" ਕਾਨਵੇਂਟ ਪੜੀ ਹੋਈ M.A. Music ਕਰ ਰਹੀ, ਧਾਰਮਿਕ ਅਤੇ ਮਿਊਜ਼ਕ ਟੀਚਰ 3000/- ਮਾਸਿਕ ਤਨਖਾਹ ਵਾਲੀ ਬੀਬੀ ਲਈ ਵਰ ਦੀ ਲੋੜ ਹੈ।

LD-151 ਸਾਢੇ 25 ਸਾਲਾ ਕੱਦ 5'4", ਤਿੰਨ ਸਾਲਾ ਇਲੈਕਟ੍ਰੋਨਿਕਸ ਕੋਰਸ ਲਾਇਬਰੇਰੀ ਸਾਇੰਸ ਦਾ ਕੋਰਸ ਅਤੇ ਕੰਪਿਊਟਰ ਕੋਰਸ ਪਾਸ B.A. ਕਰ ਰਹੀ ਚੰਗੀ ਸੰਸਥਾ ਵਿਚ ਚੰਗੀ ਨੌਕਰੀ ਕਰ ਰਹੀ ਘਰੇਲੂ ਕੰਮ ਅਤੇ ਬੁਨਾਈ ਵਿਚ ਨਿੰਪੁਨ ਬੀਬੀ ਵਾਸਤੇ ਵਰ ਦੀ ਲੋੜ ਹੈ।

LD-152 23 ਸਾਲਾ, ਐਮ.ਏ. ਪੰਜਾਬੀ ਅਤੇ B.ED. ਪਾਸ ਬੀਬੀ ਵਾਸਤੇ ਯੋਗ ਵਰ ਦੀ ਲੋੜ ਹੈ।

LD-153 32 ਸਾਲਾ, ਕੱਦ 5'3", M.A. (Public Adm.) Diploma in Nursing Education and Adminstration, 12 ਸਾਲ ਤੋਂ ਮੈਡੀਕਲ ਅਤੇ ਹੈਲਥ ਡਿਪਾਰਟਮੇਂਟ ਵਿਚ ਨਰਸਿੰਗ ਟਿਊਟਰ ਦੀ ਨੌਕਰੀ ਕਰ ਰਹੀ ਬੀਬੀ ਵਾਸਤੇ ਯੋਗ ਵਰ ਦੀ ਲੋੜ ਹੈ।

LD-154 Wanted Amritdhari well-selled, officer or Businessman Boy for a girl 24½ years old Height 5'2" Fair Complexioned M.A. Psychology and Computer Course Done. Chandigarh or Mohali based boy will be preffered.

LD-155 29 ਸਾਲਾ ਕੱਦ 4'6", ਐਮ. ਏ. ਬੀ. ਐਡ. ਸਿਲਾਈ ਕਢਾਈ ਅਤੇ ਹੋਰ ਸਾਰੇ ਘਰੇਲੂ ਕੰਮਾਂ ਵਿਚ ਨਿਪੁੰਨ ਬੀਬੀ ਲਈ ਯੋਗ ਵਰ ਦੀ ਲੋੜ ਹੈ।

LD-156 25 ਸਾਲਾ, ਕੱਦ 5'6", ਐਮ.ਏ. ਪੰਜਾਬੀ ਪਾਸ ਗੁਰਮੁਖ ਕੀਰਤਨੀ ਬੀਬੀ ਲਈ ਯੋਗ ਵਰ ਦੀ ਲੋੜ ਹੈ।

LD-157 Suitable Educated Foreign Citizen Match for a boy 27 years old looking as 22-23 years Height 5'10", B.E. (Electrical) Passed, Knowing Kirtan and Akhand Path, Willing to Settle in Foreign Country. Caste Thinkers excuse please.

LD-158 22 ਸਾਲਾ, ਕੱਦ 5' 3", 10+2 ਪਾਸ ਤਬਲਾ ਅਤੇ ਕੀਰਤਨ ਜਾਣਦੇ ਸਿੰਘ ਲਈ ਬੀਬੀ ਦੀ ਲੋੜ ਹੈ।

LD-159 25 ਸਾਲਾ ਕੱਦ 5'10",ਬੀ. ਕਾਮ. ਪਾਸ ਆਪਣਾ ਟ੍ਰਾਂਸਪੋਰਟ ਦਾ ਬਿਜਨਿਸ ਚੰਗੀ ਆਮਦਨ ਵਾਲੇ ਸਿੰਘ ਲਈ ਬੀਬੀ ਦੀ ਲੋੜ ਹੈ।

LD-160 ਸਾਢੇ 19 ਸਾਲਾ ਕੱਦ 5'5", ਗ੍ਰੰਥੀ ਤੇ ਰਾਗੀ ਦੀ ਸੇਵਾ ਨਿਭਾਅ ਰਹੇ 1500/-ਮਾਸਿਕ ਤਨਖਾਹ ਵਾਲੇ ਸਿੰਘ ਲਈ ਬਗੈਰ ਕਿਸੇ ਜਾਤ-ਪਾਤ ਜਾਂ ਲੈਣ ਦੇਣ ਬੰਧਨ ਤੋਂ ਯੋਗ ਗੁਰਮੁਖ ਬੀਬੀ ਦੀ ਲੋੜ ਹੈ।

LD-161 29 ਸਾਲਾ, ਕੱਦ 5'9", ਹਾਇਰ ਸੈਕੰਡਰੀ ਪਾਸ ਆਪਣਾ ਕਾਰੋਬਾਰ ਚੰਗੀ ਆਮਦਨ ਵਾਲੇ ਸਿੰਘ ਲਈ ਗੁਰਮੁਖ ਬੀਬੀ ਦੀ ਲੋੜ ਹੈ।

:D-162 26 ਸਾਲਾ, ਗਿਆਨੀ ਅਤੇ ਮਿਸ਼ਨਰੀ ਕੋਰਸ ਪਾਸ ਆਪਣਾ ਕਾਰੋਬਾਰ ਖੇਤੀਬਾੜੀ ਕਰਦੇ 5000/- ਮਾਸਿਕ ਆਮਦਨ ਵਾਲੇ ਸਿੰਘ ਲਈ ਯੋਗ ਗੁਰਮੁਖ ਬੀਬੀ ਦੀ ਲੋੜ ਹੈ।

LD-163 26 ਸਾਲਾ ਕੱਦ 5'6", ਬੀ. ਏ ਕਰ ਰਹੇ ਰਾਜਗੀਰੀ ਦੇ ਠੇਕੇਦਾਰ ਚੰਗੀ ਆਮਦਨ ਵਾਲੇ ਸਿੰਘ ਲਈ ਬੀਬੀ ਦੀ ਲੋੜ ਹੈ।

## ਸੂਰਾ ਪੱਤਰ ਨੂੰ ਪੁੱਜੀ ਸਹਾਇਤਾ

| | | | |
|---|---|---|---|
| ਭਾਈ ਬੂੜ ਸਿੰਘ- | ੨੦੦/- | ਸ੍ਰ: ਅਜੀਤ ਸਿੰਘ- | ੧੦੦੦/- |
| ਗੁਪਤ- | ੧੦੦੦/- | ਬੀਬੀ ਹਰਨਾਮ ਕੌਰ- | ੧੩੦੦/- |
| ਬੀਬੀ ਰਾਜਵੰਤ ਕੌਰ- | ੨੫੦/- | ਗੁਪਤ- | ੩੫੦੦/- |
| ਗੁਰਦੀਪ ਸਿੰਘ | ੭੦/- | ਸ੍ਰ: ਕੁਲਦੀਪ ਸਿੰਘ- | ੧੦੦/- |
| ਗੁਰਬਖਸ਼ ਸਿੰਘ- | ੨੩੦/- | ਗੁਪਤ- | ੪੦੦/- |
| ਜਸਪਾਲ ਸਿੰਘ- | ੧੦੦/- | ਸ੍ਰ: ਗੁਰਬਿੰਦਰ ਸਿੰਘ- | ੧੦/- |
| ਰਣਜੀਤ ਸਿੰਘ- | ੨੫੦/- | ਬੀਬੀ ਜਸਬੀਰ ਕੌਰ- | ੧੦੦/- |
| ਪ੍ਰਕਾਸ਼ ਸਿੰਘ- | ੫੦੦/- | ਸ੍ਰ: ਨਾਨਕ ਸਿੰਘ- | ੧੩੦/- |

www.AKJ.Org

Regd. No./12245/66 SURA/NOV./97 P.O. Regd. No. PB/LD/121/97

## ਗੁਰੂ ਨਾਨਕ ਦੇਵ ਜੀ ਦੇ ਆਗਮਨ ਪੁਰਬ ਤੇ ਜਲੰਧਰ ਵਿਖੇ ਅਖੰਡ ਕੀਰਤਨ ਸਮਾਗਮ

12 ਨਵੰਬਰ ਬੁਧਵਾਰ ਸਵੇਰੇ 5 ਵਜੇ ਆਰੰਭ ਸ੍ਰੀ ਅਖੰਡ ਪਾਠ ਸਾਹਿਬ ਲਾਇਲਪੁਰ ਖਾਲਸਾ ਸਕੂਲ ਨਕੋਦਰ ਰੋਡ ਵਿਖੇ। ਸ਼ਾਮ 6 ਤੋਂ 10 ਤੱਕ ਕੀਰਤਨ ਗੁ: ਮੁਹੱਲਾ ਮਖਦੂਮਪੁਰਾ ਵਿਖੇ। 13 ਨਵੰਬਰ ਵੀਰਵਾਰ ਸ਼ਾਮ 6 ਤੋਂ 10 ਵਜੇ ਤੱਕ ਕੀਰਤਨ ਲਾਇਲਪੁਰ ਸਕੂਲ ਦੇ ਪੰਡਾਲ ਵਿਚ। 14 ਨਵੰਬਰ ਸ਼ੁਕਰਵਾਰ ਸਵੇਰੇ 5 ਵਜੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪ੍ਰੰਤ ਦੁਪਹਿਰ ਤੱਕ ਕੀਰਤਨ ਸਕੂਲ ਦੇ ਪੰਡਾਲ ਵਿਚ। ਸ਼ਾਮ ਸੋਦਰ ਉਪ੍ਰੰਤ ਰੈਣ ਸਬਾਈ ਕੀਰਤਨ ਤੇ ਅੰਮ੍ਰਿਤ ਸੰਚਾਰ ਲਾਇਲਪੁਰ ਸਕੂਲ ਵਿਖੇ ਹੀ। ਰਿਹਾਇਸ਼ ਅਤੇ ਲੰਗਰ ਦਾ ਪ੍ਰਬੰਧ ਲਾਇਲਪੁਰ ਸਕੂਲ ਵਿਖੇ ਹੀ ਹੋਵੇਗਾ। ਲੋੜ ਅਨੁਸਾਰ ਬਿਸਤਰੇ ਨਾਲ ਲਿਆਓ ਜੀ। ਪੁੱਛਗਿਛ ਲਈ ਭਾਈ ਹਰਜੀਤ ਸਿੰਘ ਟੈਲੀਫੋਨ-0181-294323 ਨਾਲ ਸੰਪਰਕ ਕਰੋ ਜੀ।

## ਸੁਲਤਾਨਪੁਰ ਲੋਧੀ ਵਿਖੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਤੇ ਅਖੰਡ ਕੀਰਤਨ ਸਮਾਗਮ

12 ਨਵੰਬਰ ਸ਼ਾਮ ਨੂੰ 6.30 ਤੋਂ 8.30 ਅਖੰਡ ਕੀਰਤਨ ਗੁ: ਹੱਟ ਸਾਹਿਬ ਵਿਖੇ। 13 ਨਵੰਬਰ ਸਵੇਰੇ 6 ਤੋਂ 12 ਵਜੇ ਤੱਕ ਅਖੰਡ ਕੀਰਤਨ ਗੁ: ਅੰਤਰਯਾਮਤਾ ਵਿਖੇ। ਸ਼ਾਮ 6 ਤੋਂ 9 ਵਜੇ ਤੱਕ ਗੁ: ਬੇਬੇ ਨਾਨਕੀ ਵਿਖੇ ਅਖੰਡ ਕੀਰਤਨ। 14 ਨਵੰਬਰ ਸਵੇਰੇ 6 ਵਜੇ ਤੋਂ ਬਾਅਦ ਦੁਪਿਹਰ 2 ਵਜੇ ਤੱਕ ਅਖੰਡ ਕੀਰਤਨ ਗੁ: ਬੇਬੇ ਨਾਨਕੀ ਵਿਖੇ। ਸ਼ਾਮ ਸੋਦਰ ਉਪਰੰਤ ਅਰੰਭ ਰੈਣਿ ਸਬਾਈ ਕੀਰਤਨ ਅਤੇ ਅੰਮ੍ਰਿਤ ਸੰਚਾਰ ਗੁ: ਬੇਬੇ ਨਾਨਕੀ ਵਿਖੇ ਹੀ। ਹੋਰ ਪੁੱਛ ਗਿੱਛ ਲਈ :- ਭਾਈ ਜੋਗਾ ਸਿੰਘ, ਟੇਲੀਫੋਨ 01828-22774 ਨਾਲ ਸੰਪਰਕ ਕਰੋ ਜੀ। ਲੋੜ ਅਨੁਸਾਰ ਬਿਸਤਰੇ ਨਾਲ ਲਿਆਓ ਜੀ।

## ਗੁਰੂ ਦੇ ਲਾਲ ਭਾਈ ਬਲਦੇਵ ਸਿੰਘ ਜੀ ਮੋਹਨਪੁਰ (ਖੰਨਾ)



ਆਪ ਪਿਛਲੇ ਦਿਨੀਂ ਗੁਰੂ ਚਰਨਾਂ ਵਿਚ ਜਾ ਬਿਰਾਜੇ। ਆਪ ਜੀ ਨੇ ਆਖਰੀ ਸਵਾਸਾਂ ਤੱਕ ਆਪਣਾ ਸਮਾਂ ਨਾਮ ਬਾਣੀ ਦੇ ਰੰਗਾਂ ਵਿਚ ਸਮਾਗਮਾਂ ਦੀਆਂ ਹਾਜ਼ਰੀਆਂ ਭਰਦਿਆਂ ਹੋਇਆ ਸਤਸੰਗਤ ਕਥਦਿਆਂ ਹੋਇਆ ਬਤੀਤ ਕੀਤਾ। ਆਪ ਜੀ ਆਪਣੇ ਹੋਰ ਸਾਥੀਆਂ ਸਮੇਤ ਦੂਰ -2 ਤੱਕ ਵੀ ਸਮਾਗਮਾਂ ਦੀਆਂ ਹਾਜ਼ਰੀਆਂ ਭਰਨ ਲਈ ਸਾਈਕਲਾਂ ਤੇ ਜਾਂਦੇ ਰਹੇ ਤੇ ਅਣਥੱਕ ਸੇਵਾ ਤੇ ਸਿਮਰਨ ਰਾਹੀਂ ਆਪਣਾ ਜਨਮ ਸਫਲਾ ਕਰ ਗਏ। ਅਕਾਲ ਪੁਰਖ ਅਸਾਂਨੂੰ ਵੀ ਤਿਨ੍ਹਾਂ ਵਾਂਗ ਚੜ੍ਹਦੀ ਕਲਾ ਵਿਚ ਗੁਰਸਿੱਖੀ ਜੀਵਨ ਜੀਊਣ ਦਾ ਬਲ ਅਤੇ ਪ੍ਰੇਰਨਾ ਬਖਸ਼ੇ।

ਆਪ ਜੀ ਦੀ ਯਾਦ ਵਿਚ ਗੁ: ਸਿੰਘ ਸਭਾ (ਮੁਹੱਲਾ ਮਾਤਾ ਰਾਣੀ) ਜੀ. ਟੀ. ਰੋਡ ਖੰਨਾ,ਵਿਖੇ 22 ਨਵੰਬਰ ਰਾਤ ਨੂੰ ਰੈਣਿ ਸਬਾਈ ਕੀਰਤਨ ਅਖਾੜੇ ਸਜਣਗੇ। ਦਾਸਰੇ :- (ਅਖੰਡ ਕੀਰਤਨੀ ਜੱਥਾ ਖੰਨਾ)

ਮੰਡੀ ਮੁਲਾਂਪੁਰ (ਲੁਧਿਆਣਾ) ਲਿੰਕ ਰੋਡ ਗਲੀ ਨੰ: 3 ਗਿਲ ਨਗਰ ਵਿਖੇ ਅਖੰਡ ਕੀਰਤਨ 16 ਨਵੰਬਰ ਸਵੇਰ ਤੋਂ ਦੁਪਹਿਰ ਤੱਕ ਕੀਰਤਨ ਅਖਾੜੇ ਸਜਣਗੇ।

## ਫਰੀਦਕੋਟ ਵਿਖੇ ਰੈਣਿ ਸਬਾਈ ਕੀਰਤਨ

ਗੁ: ਭਾਈ ਲੱਧਾ ਸਿੰਘ ਡੋਗਰ ਬਸਤੀ (ਮੇਨ ਗਲੀ) ਫਰੀਦਕੋਟ ਸ਼ਹਿਰ ਵਿਖੇ 22 ਨਵੰਬਰ ਰਾਤ ਨੂੰ ਰੈਣਿ ਸਬਾਈ ਕੀਰਤਨ ਅਖਾੜੇ ਸਜਣਗੇ।

## ਗੁ: ਸਰਗੋਧਾ ਕਲੋਨੀ ਲੁਧਿਆਣਾ ਵਿਖੇ ਰੈਣਿ ਸਬਾਈ ਕੀਰਤਨ 29 ਨਵੰਬਰ ਰਾਤ ਨੂੰ

## ਬੰਗਾ ਵਿਖੇ ਨੌਵੇਂ ਪਾਤਸ਼ਾਹ ਦੇ ਸ਼ਹੀਦੀ ਪੁਰਬ ਦਾ ਸਾਲਾਨਾ ਸਮਾਗਮ

6-12-97 ਸਵੇਰੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪ੍ਰੰਤ ਕੀਰਤਨ ਆਦਰਸ਼ ਨਗਰ ਬੰਗਾ ਵਿਖੇ। ਸ਼ਾਮ 6 ਵਜੇ ਸੋਦਰ ਉਪ੍ਰੰਤ ਅਰੰਭ ਰੈਣਿ ਸਬਾਈ ਕੀਰਤਨ ਗੁ: ਚਰਨ ਕੰਵਲ ਬੰਗਾ ਵਿਖੇ। ਰਿਹਾਇਸ਼ ਤੇ ਲੰਗਰ ਦਾ ਪ੍ਰਬੰਧ ਗੁ: ਚਰਨ ਕੰਵਲ ਬੰਗਾ ਵਿਖੇ ਹੀ ਹੋਵੇਗਾ, ਲੋੜ ਅਨੁਸਾਰ ਬਿਸਤਰੇ ਨਾਲ ਲਿਆਓ ਜੀ।

## ਗੁ: ਬਾਬ ਸਾਹਿਬ ਭਾਂਖਰਪੁਰ (ਅੰਬਾਲਾ ਚੰਡੀਗੜ੍ਹ ਰੋਡ) ਵਿਖੇ ਰੈਣਿ ਸਬਾਈ ਕੀਰਤਨ 6 ਦਸੰਬਰ ਰਾਤ ਨੂੰ

## ਸਾਹਿਬਜ਼ਾਦਿਆਂ ਦੇ ਸ਼ਹੀਦੀ ਪੁਰਬ ਤੇ ਅਖੰਡ ਕੀਰਤਨ ਸਮਾਗਮ

20-12-97 ਸਵੇਰੇ ਦਿਵਸ ਸੁਹੇਲਾ ਤੇ ਰਾਤ ਨੂੰ ਰੈਣਿ ਸਬਾਈ ਕੀਰਤਨ ਪਿੰਡ ਟਾਹਲੀ ਜ਼ਿਲਾ ਹੁਸ਼ਿਆਰਪੁਰ ਵਿਖੇ।

## ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਸ਼ਾਹਿਬਜ਼ਾਦਿਆਂ ਦੇ ਸ਼ਹੀਦੀ ਪੁਰਬ ਤੇ ਰੈਣਿ ਸਬਾਈ ਕੀਰਤਨ

ਗੁਰਦੁਆਰਾ ਸਾਹਿਬ ਜਨਤਾ ਨਗਰ ਗਲੀ ਨੰ: 4 (ਗਿਲ ਰੋਡ) ਲੁਧਿਆਣਾ ਵਿਖੇ ਰੈਣਿ ਸਬਾਈ ਕੀਰਤਨ 20 ਦਸੰਬਰ ਰਾਤ ਨੂੰ।

## ਯੂ. ਕੇ. ਵਿਖੇ ਅਖੰਡ ਕੀਰਤਨ ਸਮਾਗਮ

੧. ਗੁਰੂ ਨਾਨਕ ਦੇਵ ਜੀ ਦੇ ਅਵਤਾਰ ਪੁਰਬ ਤੇ ਨੈਸ਼ਨਲ ਰੈਣਿ ਸਬਾਈ ਕੀਰਤਨ ਗੁਰੂ ਨਾਨਕ ਗੁਰਦੁਆਰਾ 65, Walsall Road Willenhall, ਪੁੱਛਗਿੱਛ- (1). ਭਾਈ ਸ਼ਿੰਗਾਰਾ ਸਿੰਘ 0121-5151722 (2). ਭਾਈ ਜੋਗਾ ਸਿੰਘ 0121-5801898

੨. 16-11-97 ਦੁਪਹਿਰ 12 ਵਜੇ ਤੋਂ 1-30 ਅਖੰਡ ਕੀਰਤਨ ਭਾਈ ਮਨਜੀਤ ਸਿੰਘ ਗਲਾਸਗੋ ਵਾਲੇ ਸ੍ਰੀ ਗੁਰੂ ਸਿੰਘ ਸਭਾ Sheehy Way, Slough ਵਿਖੇ। ਪੁੱਛਗਿੱਛ ਭਾਈ ਹਰਦੀਪ ਸਿੰਘ 01753-530624

੩. ਅਖੰਡ ਕੀਰਤਨੀ ਜੱਥਾ ਯੂ. ਕੇ. ਵਲੋਂ ਗੁਰਮਤਿ ਕੈਂਪ 22 ਦਸੰਬਰ ਤੋਂ 26 ਦਸੰਬਰ ਸ੍ਰੀ ਗੁਰੂ ਸਿੰਘ ਸਭਾ 47-49 Cross Road Coventry ਵਿਖੇ। ਪੁੱਛਗਿੱਛ ਭਾਈ ਅਵਤਾਰ ਸਿੰਘ 01203-684802

SURA (Monthly) KOTHI No. 12, BLOCK-I BHAI RANDHIR SINGH NAGAR, LUDHIANA-141004

www.AKJ.Org